Exam Date :- 30/09/2021 (E)

पुस्तिका में पृष्ठों की संख्या : 16
Number of Pages in Booklet : 16

पुस्तिका में प्रश्नों की संख्या : 150
No. of Questions in Booklet : 150

**Paper Code : 22**

**Sub: Punjabi-II**

**समय : 3.00 घण्टे**
**Time : 3.00 Hours**

प्रश्न-पत्र पुस्तिका संख्या /
**Question Paper Booklet No.**

8181177

# APCE-12

## Paper - II

**अधिकतम अंक : 75**
**Maximum Marks : 75**

**प्रश्न-पत्र पुस्तिका एवं उत्तर पत्रक के पेपर सील/पॉलिथीन बैग को खोलने पर परीक्षार्थी यह सुनिश्चित कर लें कि उसके प्रश्न-पत्र पुस्तिका पर वही प्रश्न-पत्र पुस्तिका संख्या अंकित है जो उत्तर पत्रक पर अंकित है । इसमें कोई भिन्नता हो तो परीक्षार्थी वीक्षक से दूसरा प्रश्न-पत्र प्राप्त कर लें । ऐसा सुनिश्चित करने की जिम्मेदारी अभ्यर्थी की होगी ।**
**On opening the paper seal/polythene bag of the Question Paper Booklet the candidate should ensure that Question Paper Booklet No. of the Question Paper Booklet and Answer Sheet must be same. If there is any difference, candidate must obtain another Question Paper Booklet from Invigilator. Candidate himself shall be responsible for ensuring this.**

### परीक्षार्थियों के लिए निर्देश

1. **सभी** प्रश्नों के उत्तर दीजिए ।
2. **सभी** प्रश्नों के अंक समान हैं ।
3. प्रत्येक प्रश्न का केवल **एक** ही उत्तर दीजिए ।
4. एक से अधिक उत्तर देने की दशा में प्रश्न के उत्तर को गलत माना जाएगा ।
5. प्रत्येक प्रश्न के चार वैकल्पिक उत्तर दिये गये हैं, जिन्हें क्रमश: 1, 2, 3, 4 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर-पत्रक पर **नीले बॉल प्वाइंट पेन** से गहरा करना है ।
6. **OMR** उत्तर-पत्रक इस परीक्षा पुस्तिका के अन्दर रखा है । जब आपको परीक्षा पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल पॉइंट पेन** से विवरण भरें ।
7. **प्रत्येक गलत उत्तर के लिए प्रश्न अंक का 1/3 भाग काटा जायेगा ।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है । किसी भी प्रश्न से संबंधित गोले या बबल को खाली छोड़ना गलत उत्तर नहीं माना जायेगा ।
8. मोबाइल फोन अथवा इलेक्ट्रोनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।
9. कृपया अपना रोल नम्बर ओ.एम.आर. पत्रक पर सावधानीपूर्वक सही भरें । गलत अथवा अपूर्ण रोल नम्बर भरने पर **5 अंक** कुल प्राप्तांकों में से काटे जा सकते हैं ।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए विविध नियमों-प्रावधानों के तहत कार्यवाही की जाएगी । साथ ही विभाग ऐसे अभ्यर्थी को भविष्य में होने वाली विभाग की समस्त परीक्षाओं से विवर्जित कर सकता है ।

### INSTRUCTIONS FOR CANDIDATES

1. Answer **all** questions.
2. **All** questions carry equal marks.
3. Only **one** answer is to be given for each question.
4. If more than one answers are marked, it would be treated as wrong answer.
5. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN**.
6. The **OMR** Answer Sheet is inside this Test Booklet. When you are directed to open the Test Booklet, take out the Answer Sheet and fill in the particulars carefully with **blue ball point pen** only.
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question. Leaving all the relevant circles or bubbles of any question blank will not be considered as wrong answer.
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
9. Please correctly fill your Roll Number in O.M.R. Sheet. **5 Marks** can be deducted for filling wrong or incomplete Roll Number.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted. Department may also debar him/her permanently from all future examinations.

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**

**22-□**

1. ਰਸਮਾਂ ਤੇ ਰੀਤਾਂ ਦਾ ਗਿਆਨ ਰੱਖਣ ਵਾਲੀਆਂ ਔਰਤਾਂ ਨੂੰ 'ਰੈਫ ਰੈਂਸ ਬੁੱਕ' ਕਹਿਣ ਵਾਲੇ ਵਿਦਵਾਨ ਹਨ –
(1) ਡਾ. ਵਣਜਾਰਾ ਬੇਦੀ
(2) ਗਿਆਨੀ ਗੁਰਦਿੱਤ ਸਿੰਘ
(3) ਦੇਵਿੰਦਰ ਸਤਿਆਰਥੀ
(4) ਡਾ. ਮਹਿੰਦਰ ਸਿੰਘ ਰੰਧਾਵਾ

2. ਲੋਕ-ਸਾਜ਼ 'ਕਾਟੋ' ਦਾ ਸੰਬੰਧ ਹੈ –
(1) ਧਮਾਲ ਨਾਲ
(2) ਝੁੰਮਰ ਨਾਲ
(3) ਸੰਮੀ ਨਾਲ
(4) ਭੰਗੜੇ ਨਾਲ

3. 'ਲੋਕ ਗੀਤ ਲਾਜ਼ਮੀ ਹੀ ਕਿਸੇ ਲੋਕ ਦਾਇਰੇ ਦੀ ਉਪਜ ਹੁੰਦਾ ਹੈ।' ਲੋਕ ਗੀਤ ਦੇ ਇਸ ਲੱਛਣ ਦੀ ਨਿਸ਼ਾਨ ਦੇਹੀ ਕਰਨ ਵਾਲਾ ਵਿਦਵਾਨ ਹੈ –
(1) ਡਾ. ਨਾਹਰ ਸਿੰਘ
(2) ਡਾ. ਮਹਿੰਦਰ ਸਿੰਘ ਰੰਧਾਵਾ
(3) ਡਾ. ਕਰਨੈਲ ਸਿੰਘ ਥਿੰਦ
(4) ਡਾ. ਜਸਵਿੰਦਰ ਸਿੰਘ

4.

| | ਸੂਚੀ-I (ਰਚਨਾ) | | ਸੂਚੀ-II (ਰਚਨਾਕਾਰ) |
|---|---|---|---|
| (a) | ਪੰਜਾਬੀ ਬੋਲੀ ਦੀ ਵਿਰਾਸਤ | (i) | ਭੁਪਿੰਦਰ ਸਿੰਘ ਖਹਿਰਾ |
| (b) | ਲੋਕਧਾਰਾ – ਭਾਸ਼ਾ ਅਤੇ ਸਭਿਆਚਾਰ | (ii) | ਡਾ. ਕਰਨਜੀਤ ਸਿੰਘ |
| (c) | ਲੋਕਮਨ : ਚੇਤਨ– ਅਵਚੇਤਨ | (iii) | ਡਾ. ਨਾਹਰ ਸਿੰਘ |
| (d) | ਪੰਜਾਬੀਆਂ ਦਾ ਮੌਤ ਦਰਸ਼ਨ | (iv) | ਡਾ. ਸਾਧੂ ਸਿੰਘ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (ii) | (iii) | (i) | (iv) |
| (2) | (ii) | (i) | (iii) | (iv) |
| (3) | (iv) | (ii) | (i) | (iii) |
| (4) | (iv) | (i) | (ii) | (iii) |

5. ਹੇਠ ਲਿਖੇ ਵਿਚੋਂ 'ਫੁਲਕਾਰੀ' ਦੀ ਕਿਸਮ ਹੈ –
(1) ਫਿਰਨ
(2) ਕੋਮਲ
(3) ਨੀਲਕ
(4) ਰੰਗੋਲੀ

6.

| | ਸੂਚੀ-I | | ਸੂਚੀ-II |
|---|---|---|---|
| (a) | ਕੋਰਾ | (i) | ਦਹੀ |
| (b) | ਪਟਾਰੀ | (ii) | ਮੰਜਾ |
| (c) | ਸੰਘਾ | (iii) | ਕਪੜਾ |
| (d) | ਫੁੱਟ | (iv) | ਗੱਡਾ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (i) | (iii) | (iv) | (ii) |
| (2) | (iii) | (ii) | (i) | (iv) |
| (3) | (iii) | (iv) | (ii) | (i) |
| (4) | (i) | (iv) | (iii) | (ii) |

7. ਪੰਜਾਬੀ ਲੋਕਧਾਰਾ ਨਾਲ ਸੰਬੰਧਤ ਖੋਜ-ਪੱਤਰ/ਪਤ੍ਰਿਕਾ ਹੈ –
(1) ਪਰੰਪਰਾ
(2) ਤ੍ਰਿਸ਼ੰਕੁ
(3) ਸ਼ਬਦ
(4) ਅੱਖਰ

8. 'ਗੁੱਝ' ਦਾ ਸੰਬੰਧ ਕਿਸ ਨਾਲ ਹੈ –
(1) ਪਹਿਰਾਵਾ
(2) ਚਰਖਾ
(3) ਆਵਾਜਾਈ
(4) ਮਧਾਣੀ

9.

| | ਸੂਚੀ-I (ਪੁਸਤਕ) | | ਸੂਚੀ-II (ਕਰਤਾ) |
|---|---|---|---|
| (a) | ਲੋਕ ਧਰਮ | (i) | ਡਾ. ਜਸਵਿੰਦਰ ਸਿੰਘ |
| (b) | ਪੰਜਾਬੀ ਲੋਕਧਾਰਾ ਦੇ ਕੁਝ ਪੱਖ | (ii) | ਡਾ. ਗੁਰਮੀਤ ਸਿੰਘ |
| (c) | ਪੰਜਾਬੀ ਲੋਕ ਸਾਹਿਤ ਸ਼ਾਸਤਰ | (iii) | ਡਾ. ਜੋਗਿੰਦਰ ਸਿੰਘ ਕੈਰੋਂ |
| (d) | ਲੋਕਧਾਰਾ ਅਧਿਐਨ ਵਿਧੀਆਂ | (iv) | ਡਾ. ਵਣਜਾਰਾ ਬੇਦੀ |

ਉਪਰੋਕਤ ਸੂਚੀ-I ਅਤੇ ਸੂਚੀ-II ਵਿਚਕਾਰ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (iv) | (i) | (iii) | (ii) |
| (2) | (iv) | (ii) | (i) | (iii) |
| (3) | (ii) | (iii) | (i) | (iv) |
| (4) | (ii) | (i) | (iii) | (iv) |

10. ਕਿਹੜੇ ਕਿੱਸਾ ਕਵੀ ਨੇ ਆਪਣੇ 'ਅੰਨ੍ਹੇਪਣ' ਬਾਰੇ ਆਪਣੀ ਕਿੱਸਾ ਰਚਨਾ ਵਿਚ 'ਅੱਖੀਆਂ ਤੋਂ ਮਾਜ਼ੂਰ' ਸ਼ਬਦਾਂ ਰਾਹੀਂ ਸੰਕੇਤ ਦਿੱਤਾ ਹੈ –

(1) ਮੁਕਬਲ

(2) ਮੀਆਂ ਚਰਾਗ ਅਵਾਣ

(3) ਹਾਮਦ ਅੱਬਾਸੀ

(4) ਸਦੀਕ ਲਾਲੀ

11. ਜੰਞ ਬੰਨਣ ਜਾਂ ਛੁਡਾਉਣ ਨਾਲ ਸੰਬੰਧਤ ਕਾਵਿ-ਰੂਪ ਹੈ –

(1) ਛੰਦ ਪਰਾਗਾ (2) ਮਾਂਗ

(3) ਪੱਤਲ (4) ਸਿੱਠਣੀ

12. ਹੇਠ ਲਿਖਿਆਂ ਵਿਚੋਂ ਕਿਸ ਨੂੰ ਪੰਜਾਬੀ ਲੋਕ-ਸਾਜ਼ ਵਜੋਂ ਵਰਤਿਆ ਜਾਂਦਾ ਹੈ –

(1) ਪਤੀਲਾ (2) ਚਾਟੀ

(3) ਗਲਾਸ (4) ਘੜਾ

13. ਪ੍ਰੋ. ਪੂਰਨ ਸਿੰਘ ਦੀ ਅੰਗਰੇਜੀ ਵਿਚ ਰਚਿਤ 'ਸਪਿਰਟ ਆਫ਼ ਸਿੱਖੀ' ਪੁਸਤਕ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਹੈ –

(1) ਪਿਆਰਾ ਸੰਘ ਪਦਮ

(2) ਜੀਤ ਸਿੰਘ ਸੀਤਲ

(3) ਕਿਰਪਾਲ ਸਿੰਘ ਕਸੇਲ

(4) ਹਰਨਾਮ ਸਿੰਘ ਸ਼ਾਨ

14. ਮੁਰਸ਼ਦ ਦੀ ਆਵੱਸ਼ਕਤਾ ਬਿਰਹਾ ਦਾ ਤਿੱਖਾ ਅਨੁਭਵ ਸ਼ਰੀਅਤ ਤੋਂ ਲੱਗੇ ਲੰਘ ਕੇ ਤਰੀਕਤ ਉਤੇ ਜ਼ੋਰ ਅਤੇ ਇਸ਼ਕ ਤੋਂ ਪੈਦਾ ਹੋਣ ਵਾਲੀ ਮਸਤੀ ਨੂੰ ਕਿਸ ਸੂਫ਼ੀ ਨੇ 'ਸਵਾ ਸੇਰ' ਦੀ ਮਸਤੀ ਆਖਿਆ ਹੈ –

(1) ਸ਼ਾਹ ਹੁਸੈਨ

(2) ਬੁਲ੍ਹੇ ਸ਼ਾਹ

(3) ਸੁਲਤਾਨ ਬਾਹੂ

(4) ਗੁਲਾਮ ਫਰੀਦ

15. 'ਇਕ ਲੇਖਕ ਕਲਾਮਈ ਢੰਗ ਨਾਲ ਆਪਣੇ ਹਿਰਦੇ ਦੀ ਆਵਾਜ਼ ਲੋਕਾਂ ਤੱਕ ਪਹੁੰਚਾਉਂਦਾ ਹੈ । ਕਈ ਦਫ਼ਾ ਹਾਸ-ਰਸ ਦੇ ਵਿਅੰਗਾਤਮਕ ਹਥਿਆਰ ਨਾਲ ਉਹ ਜਨਤਾ ਨੂੰ ਬੇਹੋਸ਼ੀ ਤੋਂ ਉਠਾਉਂਦਾ ਹੈ।' – ਇਹ ਟਿੱਪਣੀ ਕਿਸ ਨਾਟਕਕਾਰ ਦੀ ਹੈ

(1) ਬਲਵੰਤ ਗਾਰਗੀ

(2) ਹਰਚਰਨ ਸਿੰਘ

(3) ਗੁਰਸ਼ਰਨ ਸਿੰਘ

(4) ਅਜਮੇਰ ਔਲਖ

16. 'ਜ਼ੁਹਦ' ਤੋਂ ਭਾਵ ਹੈ –

(1) ਬਚਨ (2) ਇਕਰਾਰ

(3) ਫ਼ਿਕਰ (4) ਤਿਆਗ

17. 'ਭਗਤੁ ਸਤਿਗੁਰੂ ਹਮਾਰਾ' ਪੁਸਤਕ ਦਾ ਕਰਤਾ ਹੈ –

(1) ਤਰਲੋਕ ਸਿੰਘ ਕੰਵਰ

(2) ਜਸਵੰਤ ਸਿੰਘ ਜਫ਼ਰ

(3) ਗੁਰਭਜਨ ਸਿੰਘ ਗਿੱਲ

(4) ਸੁਰਜੀਤ ਪਾਤਰ

18. 'ਤਖ਼ਤ ਬੈਠਾ ਅਰਜਨ ਗੁਰੂ' ਅਰਥਾਤ 'ਸੁਖਮਨੀ ਦਾ ਚਾਨਣ' ਧਾਰਮਿਕ ਇਤਿਹਾਸਕ ਨਾਟਕ ਦੇ ਕਰਤਾ ਹਨ –

(1) ਬਲਵੰਤ ਗਾਰਗੀ

(2) ਗੁਰਦਿਆਲ ਸਿੰਘ ਫੁੱਲ

(3) ਗੁਰਚਰਨ ਸਿੰਘ ਜਸੂਜਾ

(4) ਹਰਚਰਨ ਸਿੰਘ

19. 'ਫ਼ਰੀਦ' ਫ਼ਾਰਸੀ ਦਾ ਸ਼ਬਦ ਹੈ । ਇਸ ਦਾ ਅਰਥ ਹੈ –

(1) ਸੂਰਜ

(2) ਕਰਾਮਾਤ

(3) ਖ਼ੁਸ਼-ਕਿਸਮਤ

(4) ਬੇ-ਮਿਸਾਲ

20. ਇਸਲਾਮਿਕ ਧਾਰਨਾ ਅਨੁਸਾਰ, 'ਅੱਲਾ ਦਾ ਕੁਰਾਨ ਰੂਪੀ ਰੱਬੀ ਕਲਾਮ' ਹਜ਼ਰਤ ਮੁਹੰਮਦ ਸਾਹਿਬ ਤੱਕ ਕਿਸ ਫ਼ਰਿਸ਼ਤੇ ਰਾਹੀਂ ਪੁੱਜਿਆ –

(1) ਜਬਰੀਲ (2) ਮੈਕਾਈਲ

(3) ਇਸਰਾਈਲ (4) ਮਲਕੁ

21. ਬਲਵੰਤ ਗਾਰਗੀ ਰਚਿਤ 'ਸੁਰਮੇ ਵਾਲੀ ਅੱਖ' ਰੇਖਾ ਚਿੱਤਰ ਸੰਗ੍ਰਹਿ ਦਾ ਸਿਰਲੇਖ ਪੰਜਾਬੀ ਦੇ ਕਿਸ ਸਾਹਿਤਕਾਰ ਲਈ ਵਰਤਿਆ ਗਿਆ ਹੈ –
(1) ਸੰਤੋਖ ਸਿੰਘ ਧੀਰ
(2) ਨਵਤੇਜ ਸਿੰਘ
(3) ਅਜੀਤ ਕੌਰ
(4) ਅੰਮ੍ਰਿਤਾ ਪ੍ਰੀਤਮ

22. 'ਰੰਗਾ' ਤੇ 'ਬਿਗਲਾ' ਨਾਂ ਦੇ ਪਾਤਰ ਕਿਹੜੇ ਲੋਕ ਨਾਟ-ਰੂਪ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ –
(1) ਖਿਉੜੇ (2) ਨਕਲ
(3) ਰਾਮ-ਲੀਲ੍ਹਾ (4) ਨੌਟੰਕੀ

23. ਬਰਤੋਲਤ ਬਰੈਖ਼ਤ ਦੇ ਨਾਟਕਾਂ ਅਤੇ ਨਾਟ-ਸਿਧਾਤਾਂ ਨਾਲ ਭਾਰਤੀ ਨਾਟਕਕਾਰਾਂ ਦੀ ਜਾਣ-ਪਛਾਣ ਕਰਾਉਣ ਦਾ ਸਿਹਰਾ ਕਿਸ ਨੂੰ ਜਾਂਦਾ ਹੈ –
(1) ਬਲਵੰਤ ਗਾਰਗੀ
(2) ਈਸ਼ਵਰ ਚੰਦਰ ਨੰਦਾ
(3) ਐਨ.ਐਸ.ਡੀ.
(4) ਇਪਟਾ

24. 'ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ' ਦੇ ਸੰਪਾਦਕ ਹਨ –
(1) ਗੁਰਦੇਵ ਸਿੰਘ
(2) ਗੁਲਵੰਤ ਸਿੰਘ
(3) ਡਾ. ਦੀਵਾਨ ਸਿੰਘ
(4) ਡਾ. ਹਰਜਿੰਦਰ ਸਿੰਘ ਢਿੱਲੋਂ

25. 'ਪੰਜਾਬੀ ਕਹਾਣੀ ਕੋਸ਼' ਦਾ ਸੰਪਾਦਕ ਹੈ –
(1) ਬਲਦੇਵ ਸਿੰਘ ਧਾਲੀਵਾਲ
(2) ਵਰਿਆਮ ਸੰਧੂ
(3) ਰਾਮ ਸਰੂਪ ਅਣਖੀ
(4) ਗੁਰਬਚਨ ਭੁੱਲਰ

26. ਆਧੁਨਿਕ ਮਨੁੱਖੀ ਸਥਿਤੀ ਦੀ ਨਿਰਾਰਥਕਤਾ ਨੂੰ ਪ੍ਰਗਟਾਉਣ ਵਾਲਾ ਥੀਏਟਰ ਹੈ –
(1) ਐਪਿਕ
(2) ਯਥਾਰਥਵਾਦੀ
(3) ਚਿੰਨਵਾਦੀ
(4) ਐਬਸਰਡ

27. 'ਕਬੱਡੀ' ਸ਼ਬਦ ਕਬੱਡ ਜਾਂ ਕੁਬੱਡ ਤੋਂ ਬਣਿਆ ਹੈ, ਜਿਸਦਾ ਅਰਥ ਹੈ –
(1) ਕੁੱਬਾ (2) ਖ਼ਰਾਬ
(3) ਖਿਡਾਰੀ (4) ਚੁਸਤੀ

28. ਲੋਕ ਕਾਵਿ ਦੇ ਵਰਗੀਕਰਨ ਲਈ ਸੰਚਾਰ ਨੂੰ ਆਧਾਰ ਬਣਾ ਕੇ ਮੌਖਿਕ (ਪ੍ਰਵਚਨ-ਮੁੱਖ) ਅਤੇ ਕਿਰਿਆਤਮਕ (ਪਾਠ-ਮੁੱਖ) ਦੋ ਮੁੱਖ ਵਰਗਾਂ ਵਿਚ ਵੰਡਣ ਵਾਲੇ ਵਿਦਵਾਨ ਹਨ –
(1) ਜੋਗਿੰਦਰ ਸਿੰਘ ਕੈਰੋਂ
(2) ਨਾਹਰ ਸਿੰਘ
(3) ਭੁਪਿੰਦਰ ਸਿੰਘ ਖਹਿਰਾ
(4) ਕਰਮਜੀਤ ਸਿੰਘ

29. 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਪੁਸਤਕ ਦੇ ਲੇਖਕ ਹਨ –
(1) ਡਾ. ਤਾਰਨ ਸਿੰਘ
(2) ਡਾ. ਜੋਧ ਸਿੰਘ
(3) ਡਾ. ਸਾਹਿਬ ਸਿੰਘ
(4) ਡਾ. ਰਤਨ ਸਿੰਘ ਜੱਗੀ

30. ਅਖਾਣ ਨੂੰ ਵਿਅਕਤੀਗਤ ਸੰਚਾਰ ਵਾਸਤੇ ਗੈਰ-ਵਿਅਕਤੀਗਤ ਸਾਧਨ ਮੰਨਣ ਵਾਲਾ ਲੋਕਧਾਰਾ ਸ਼ਾਸਤ੍ਰੀ ਹੈ –
(1) ਵਿਲੀਅਮ ਜੋ ਥੋਮਸ
(2) ਫ਼ਰੇਜ਼ਰ
(3) ਬਰਟੰਡ ਰਸਲ
(4) ਐਲਿਨ ਡੂੰਡਿਜ਼

31. ਕਿਹੜਾ ਪ੍ਰਗਤੀਵਾਦੀ ਚਿੰਤਕ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਨੂੰ 'ਫਿਊਡਲ ਬੁਰਜ਼ੂਆ' ਕਵੀ ਕਹਿੰਦਾ ਹੈ –
(1) ਰਵਿੰਦਰ ਸਿੰਘ ਰਵੀ
(2) ਸੰਤ ਸਿੰਘ ਸੇਖੋਂ
(3) ਸੁਰਜੀਤ ਸਿੰਘ ਭੱਟੀ
(4) ਕੇਸਰ ਸਿੰਘ ਕੇਸਰ

32. ਵਲਾਦੀਮੀਰ ਪਰਾਪ ਨੇ ਲੋਕ-ਕਥਾਵਾਂ ਦਾ ਅਧਿਐਨ ਕਰਦੇ ਹੋਏ ਪਾਤਰਾਂ ਦੇ ਵਰਗ ਨਿਰਧਾਰਤ ਕੀਤੇ ਹਨ –
(1) ਸੱਤ (2) ਅੱਠ
(3) ਛੇ (4) ਪੰਜ

33. ਐਪਿਕ ਥੀਏਟਰ ਦੇ ਪ੍ਰਭਾਵ ਅਧੀਨ ਰਚਿਆ ਨਾਟਕ ਹੈ –

(1) ਮੂਕ ਸੰਸਾਰ (2) ਤਾਰ ਤੁਪਕਾ

(3) ਗਗਨ ਮੈਂ ਥਾਲੁ (4) ਕਣਕ ਦੀ ਬੱਲੀ

34. ਅਰੰਭਲੀ ਪੰਗਤੀ ਨੂੰ ਰਹਾਉ-ਪ੍ਰਬੰਧ ਵਜੋਂ ਪ੍ਰਯੋਗ ਕਰਨ ਵਾਲਾ ਰਚਨਾਕਾਰ ਹੈ –

(1) ਗੁਰੂ ਤੇਗ ਬਹਾਦਰ

(2) ਗੁਰੂ ਅੰਗਦ

(3) ਗੁਰੂ ਅਮਰਦਾਸ

(4) ਗੁਰੂ ਰਾਮਦਾਸ

35. 'ਅੰਜੁਲੀ' ਕਾਵਿ ਰੂਪਕਾਰ ਵਿਚ ਕਿਹੜੇ ਦ੍ਰਿਸ਼ਟਾਂਤ ਰਾਹੀਂ ਸੰਸਾਰ ਨੂੰ ਚਲਾਇਮਾਨ ਦਰਸਾਇਆ ਗਿਆ ਹੈ –

(1) ਗਾਗਰ (2) ਬਿਰਖ

(3) ਸੁਰਾਹੀ (4) ਸਰਾਇ

36. 'ਪੰਜਾਬ ਦੇ ਲੋਕਨਾਚਾਂ ਵਿਚ ਧਾਰਮਕ ਅਸਰ ਬਹੁਤ ਘੱਟ ਹੈ ______ (ਇਹ) ਸਹੀ ਅਰਥਾਂ ਵਿਚ ਸੰਸਾਰਕ ਨਾਚ ਹਨ ______ ।' ਇਹ ਸ਼ਬਦ ਕਿਨ੍ਹਾਂ ਦੇ ਹਨ –

(1) ਡਾ. ਨਾਹਰ ਸਿੰਘ

(2) ਡਾ. ਮਹਿੰਦਰ ਸਿੰਘ ਰੰਧਾਵਾ

(3) ਡਾ. ਜਗੀਰ ਸਿੰਘ

(4) ਦੇਵਿੰਦਰ ਸਤਿਆਰਥੀ

37. ਅਹੱਲਿਆ ਦੀ ਮਿਥਿਹਾਸਕ ਕਹਾਣੀ ਲੈ ਕੇ ਇਸਤਰੀ-ਮਰਦ ਸੰਬੰਧਾਂ ਨੂੰ ਵਿਚਾਰਨ ਵਾਲਾ ਨਾਟਕ ਹੈ –

(1) ਮੁੰਦਰੀ ਛਲ (2) ਕਲਾਕਾਰ

(3) ਲੋਹਾ ਕੁੱਟ (4) ਰੱਤਾ ਸ਼ਾਲੂ

38. ਕਿਸ ਰਚਨਾਕਾਰ ਦੀ ਰਚਨਾ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਅਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ –

(1) ਗੁਰੂ ਨਾਨਕ

(2) ਗੁਰੂ ਅਰਜਨ

(3) ਗੁਰੂ ਤੇਗ ਬਹਾਦਰ

(4) ਗੁਰੂ ਗੋਬਿੰਦ ਸਿੰਘ

39. ਸਭ ਤੋਂ ਵਧੇਰੇ 'ਸੰਬੋਧਨ-ਸ਼ੈਲੀ' ਦਾ ਪ੍ਰਯੋਗ ਕਰਨ ਵਾਲਾ ਬਾਣੀਕਾਰ ਹੈ –

(1) ਗੁਰੂ ਅੰਗਦ

(2) ਗੁਰੂ ਨਾਨਕ

(3) ਗੁਰੂ ਅਮਰਦਾਸ

(4) ਗੁਰੂ ਤੇਗ ਬਹਾਦਰ

40. 'ਮਾਰਕਸ, ਫਰਾਇਡ ਤੇ ਡਾਰਵਿਨ ਆਦਿ ਦਾ ਪ੍ਰਭਾਵ ਗ੍ਰਹਿਣ ਕਰਨ ਵਾਲਾ ਪਹਿਲਾ ਪੰਜਾਬੀ ਕਵੀ ਮੋਹਨ ਸਿੰਘ ਹੈ । ਮੱਧਕਾਲੀ ਕਵਿਤਾ ਦੇ ਵੱਡੇ ਸਹਾਰੇ ਰੱਬ ਅਤੇ ਇਸ਼ਕ ਵੀ ਸਭ ਤੋਂ ਪਹਿਲਾਂ ਉਸੇ ਦੀ ਕਵਿਤਾਂ ਵਿਚ ਤਿੜਕਦੇ ਦਿਸਦੇ ਹਨ ।' – ਇਸ ਕਥਨ ਦੇ ਕਥਨਕਾਰ ਹਨ –

(1) ਡਾ. ਸੁਖਦੇਵ ਸਿੰਘ ਸਿਰਸਾ

(2) ਸੰਤ ਸਿੰਘ ਸੇਖੋਂ

(3) ਸੁਰਜੀਤ ਪਾਤਰ

(4) ਡਾ. ਐਸ. ਤਰਸੇਮ

41. ਡਾ. ਨਾਹਰ ਸਿੰਘ ਅਨੁਸਾਰ, ਮਲਵਈ ਗਿੱਧੇ (ਮੁਟਿਆਰਾਂ) ਦੀ ਵਿਸ਼ੇਸ਼ ਪਛਾਣ ਹੈ –

(1) ਗੁਭਾਟ (2) ਸਾਂਗ

(3) ਫਤੂਹਾ (4) ਹੇਮੜੀ

42. ਗੁਰੂ ਰਾਮਦਾਸ ਜੀ ਦੀ ਰਚਨਾ ਵਿਚ ਕਿਹੜੇ ਗੁਰੂ ਦਾ ਲੋਕ ਕਲਿਆਨ ਹਿਤ ਤੀਰਥਾਂ 'ਤੇ ਦੌਰਾ ਕਰਨ ਦਾ ਜ਼ਿਕਰ ਪਰਾਪਤ ਹੁੰਦਾ ਹੈ –

(1) ਗੁਰੂ ਨਾਨਕ ਦਾ

(2) ਗੁਰੂ ਅੰਗਦ ਦਾ

(3) ਗੁਰੂ ਅਮਰਦਾਸ ਦਾ

(4) ਉਪਰੋਕਤ ਕੋਈ ਨਹੀਂ

43. 'ਗੁਰਬਾਣੀ' ਸੰਗ੍ਰਹਿ ਨੂੰ 'ਪੋਥੀ ਸਾਹਿਬ' ਨਾਮਕਰਨ ਕੀਤਾ –

(1) ਗੁਰੂ ਰਾਮਦਾਸ ਜੀ

(2) ਗੁਰੂ ਅਰਜਨ ਦੇਵਜੀ

(3) ਗੁਰੂ ਤੇਗ ਬਹਾਦਰ ਜੀ

(4) ਗੁਰੂ ਗੋਬਿੰਦ ਸਿੰਘ ਜੀ

44. "ਨਾਵਲਕਾਰ ਜੀਵਨ ਦੀਆਂ ਰੂਪ-ਵਿਹੂਣੀਆਂ ਸੰਰਚਨਾਵਾਂ ਨੂੰ ਪਲਾਟ, ਪਾਤਰਾਂ, ਸ਼ੈਲੀ ਤੇ ਦ੍ਰਿਸ਼ਟੀਕੋਣ ਦੇ ਮਾਧਿਅਮਰਾਹੀਂ ਇਕ ਅਜਿਹੀ ਪੁਨਰ-ਵਿਉਂਤ ਵਿਚ ਬੰਨ੍ਹਦਾ ਹੈ, ਜੋ ਵਸਤੂ-ਜੀਵਨ ਨਾਲੋਂ ਭਿੰਨ ਹੋ ਕੇ ਵੀ ਵਸਤੂ-ਜੀਵਨ ਦਾ ਭਰਮ ਸਿਰਜਦੀ ਹੈ।" ਉਪਰੋਕਤ ਸਤਰਾਂ ਕਿਸ ਗਲਪ-ਚਿੰਤਕ ਦੀਆਂ ਹਨ –

(1) ਟੀ.ਆਰ.ਵਿਨੋਦ
(2) ਜੋਗਿੰਦਰ ਸਿੰਘ ਰਾਹੀ
(3) ਅਤਰ ਸਿੰਘ
(4) ਹਰਿਭਜਨ ਸਿੰਘ

45. ਡਾ. ਜੋਗਿੰਦਰ ਸਿੰਘ ਕੈਰੋਂ ਮੁਤਾਬਕ, ਲੋਕ ਕਾਵਿ ਦੀ ਕਿਸ ਵੰਨਗੀ ਵਿਚ ਕਥਾ ਵਕਤਾ, ਗਵੰਤਰੀ ਅਤੇ ਸਰੋਤੇ ਸ਼ਾਮਲ ਹੁੰਦੇ ਹਨ –

(1) ਲੋਕਗੀਤ (2) ਲੰਮੀ ਬੋਲੀ
(3) ਬਾਤ (4) ਲੋਕ ਗਾਥਾ

46. ਗੁਰੂ ਨਾਨਕ ਦੇਵ ਦੀ ਰਚਨਾ ਵਿਚ ਕਿਹੜੇ ਭਗਤਾਂ ਦੀ ਰਚਨਾ ਨਾਲ ਪਰਮਪਰ ਸਮਾਨਤਾ ਦੇ ਸੰਕੇਤ ਮਿਲਦੇ ਹਨ –

(1) ਬਲਵੰਡ, ਕਬੀਰ, ਰਾਮਾਨੰਦ
(2) ਤ੍ਰਿਲੋਚਨ, ਨਾਮਦੇਵ, ਰਵਿਦਾਸ
(3) ਸੂਰਦਾਸ, ਪਰਮਾਨੰਦ, ਧੰਨਾ, ਪੀਪਾ
(4) ਫ਼ਰੀਦ, ਜੈਦੇਵ, ਨਾਮਦੇਵ, ਕਬੀਰ

47. ਸੱਤਾ ਤੇ ਬਲਵੰਡੇ ਅਪਣੀ ਰਚਨਾ ਦੇ ਅੰਤਰਗਤ ਕਿਹੜੇ ਗੁਰੂ ਦੇ ਦਰਬਾਰ ਵਿਚ 'ਸ਼ਬਦ-ਲੰਗਰ' ਦਾ ਚਿੱਤਰ ਪੇਸ਼ ਕੀਤਾ ਹੈ –

(1) ਗੁਰੂ ਅੰਗਦ
(2) ਗੁਰੂ ਅਮਰਦਾਸ
(3) ਗੁਰੂ ਰਾਮਦਾਸ
(4) ਗੁਰੂ ਅਰਜਨ

48. ਸ਼ਬਦ-ਗੁਰੂ ਦੇ ਸੰਕਲਪ ਦੀ ਪੇਸ਼ਕਾਰੀ ਕਰਨ ਵਾਲੀ ਰਚਨਾ ਹੈ –

(1) ਸੁਖਮਨੀ ਸਾਹਿਬ
(2) ਭੱਟਾਂ ਦੇ ਸੱਵਈਏ
(3) ਸਿਧ ਗੋਸਟਿ
(4) ਅਨੰਦ ਸਾਹਿਬ

49. ਭਾਈ ਗੁਰਦਾਸ ਦੀਆਂ ਰਚਨਾਵਾਂ ਦਾ ਭਾਸ਼ਾਈ ਵਰਗੀਕਰਨ ਹੈ –

(1) ਬ੍ਰਜ ਅਤੇ ਸੰਸਕ੍ਰਿਤ
(2) ਪੰਜਾਬੀ ਅਤੇ ਫ਼ਾਰਸੀ
(3) ਬ੍ਰਜ ਅਤੇ ਫ਼ਾਰਸੀ
(4) ਬ੍ਰਜ ਅਤੇ ਪੰਜਾਬੀ

50. ਗੁਰੂ ਨਾਨਕ ਜੀ ਦੀ ਅੰਤਮ ਰਚਨਾ ਹੈ –

(1) ਬਾਰਹ ਮਾਹ ਮਾਝ
(2) ਬਾਰਹ ਮਾਹ ਤੁਖਾਰੀ
(3) ਸਿਧ ਗੋਸ਼ਟ
(4) ਅਲਾਹੁਣੀਆ

51. 'ਹਿੰਦੁਸਤਾਨ' ਸ਼ਬਦ ਦੀ ਵਰਤੋਂ ਕਰਨ ਵਾਲਾ ਗੁਰੂ ਕਵੀ ਹੈ –

(1) ਗੁਰੂ ਅੰਗਦ
(2) ਗੁਰੂ ਹਰਿਰਾਇ
(3) ਗੁਰੂ ਤੇਗ ਬਹਾਦਰ
(4) ਗੁਰੂ ਨਾਨਕ

52. ਗੁਰੂ ਗ੍ਰੰਥ ਸਾਹਿਬ, 'ਹਿੰਦਵੀ ਬੋਲੀਆਂ ਤੇ ਉਪਬੋਲੀਆਂ ਦਾ ਅਸਲੀ ਅਮੋਘ ਖਜ਼ਾਨਾ ਹੈ।' ਕਥਨਕਾਰ ਹੈ –

(1) ਹਰਕੀਰਤ ਸਿੰਘ
(2) ਜਾਰਜ ਗ੍ਰਿਅਰਸਨ
(3) ਆਰਨੈਸਟ ਟਰੰਪ
(4) ਪ੍ਰੇਮ ਪ੍ਰਕਾਸ਼ ਸਿੰਘ

53. ਗੁਰੂ ਗ੍ਰੰਥ ਸਾਹਿਬ ਵਿਚ ਹਰੇਕ ਰਾਗ ਦੀ ਤਰਤੀਬ ਦਾ ਕ੍ਰਮ –

(1) ਸ਼ਬਦ, ਅਸ਼ਟਪਦੀਆਂ, ਛੰਤ, ਵਾਰ ਤੇ ਭਗਤਾਂ ਦੇ ਸ਼ਬਦ
(2) ਅਸ਼ਟਪਦੀਆਂ, ਛੰਤ, ਵਾਰ, ਭਗਤਾਂ ਦੇ ਸ਼ਬਦ
(3) ਵਾਰ, ਸ਼ਬਦ, ਛੰਤ, ਅਸ਼ਟਪਦੀਆਂ, ਭਗਤਾ ਦੇ ਸ਼ਬਦ
(4) ਛੰਤ, ਸ਼ਬਦ, ਅਸ਼ਟਪਦੀਆਂ, ਭਗਤਾਂ ਦੇ ਸ਼ਬਦ

54. ਡਾ. ਰਤਨ ਸਿੰਘ ਜੱਗੀ ਅਨੁਸਾਰ ਸ਼ਾਹ ਮੁਹੰਮਦ ਨੇ ਆਪ ਆਪਣੇ ਜੰਗਨਾਮੇ ਲਈ ਕਿਹੜੇ ਨਾਂ ਦੀ ਵਰਤੋਂ ਕੀਤੀ ਹੈ –
(1) ਹਿੰਦ ਪੰਜਾਬ ਦਾ ਜੰਗ
(2) ਜੰਗ ਕ੍ਰਿਤ ਸ਼ਾਹ ਮੁਹੰਮਦ ਕੀ
(3) ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ
(4) ਕੋਈ ਨਹੀਂ

55. ਡਾ. ਅਤਰ ਸਿੰਘ ਨੇ ਬਾਵਾ ਬਲਵੰਤ ਦੇ ਕਿਹੜੇ ਗੀਤ ਨੂੰ 'ਵਿਸ਼ਵ ਕਲਾ ਵਿਚ ਅਮੁੱਲਾ ਵਾਧਾ' ਸਵੀਕਾਰ ਕੀਤਾ ਹੈ –
(1) ਉਸੰਦਾ ਹਾਰ (2) ਜਹਾਜਰਾਨ
(3) ਧਤਰੀ ਮਾਤਾ (4) ਅਮਰਗੀਤ

56. ਭਾਈ ਗੁਰਦਾਸ ਨੇ ਪ੍ਰਮੁਖ ਸਿੱਖਾਂ ਦੇ ਨਾਂਵਾਂ ਦੀ ਸੂਚੀ ਕਿਹੜੀ ਵਾਰ ਦੇ ਅੰਤਰਗਤ ਲਿਖੀ ਹੈ –
(1) ਦਸਵੀਂ (2) ਗਿਆਰਵੀਂ
(3) ਪੰਜਵੀਂ (4) ਪਹਿਲੀ

57. ਆਦਿ ਬੀੜ ਦੇ ਲਿਖਾਰੀ ਹਨ –
(1) ਭਾਈ ਗੁਰਦਾਸ, ਸੰਤ ਦਾਸ, ਹਰੀਆ, ਸੁਖਾ, ਮਨਸਾ ਰਾਮ
(2) ਭਾਈ ਗੁਰਦਾਸ, ਭਾਈ ਮਨੀ ਸਿੰਘ, ਧੀਰਮਲ
(3) ਭਾਈ ਗੁਰਦਾਸ, ਗੁਰੂ ਅਰਜਨ, ਭਾਈ ਮਨੀ ਸਿੰਘ
(4) ਭਾਈ ਮਨੀ ਸਿੰਘ, ਭਾਈ ਗੁਰਦਾਸ, ਬਾਬਾ ਮੋਹਨ

58. ਕੁਲਵੰਤ ਸਿੰਘ ਵਿਰਕ ਦੀ ਕਿਹੜੀ ਕਹਾਣੀ ਦਾ ਕੇਂਦਰੀ ਪਾਤਰ ਸਾਮੰਤੀ ਕਦਰਾਂ-ਕੀਮਤਾਂ ਦੇ ਵਿਘਟਨ ਕਰਕੇ ਘੋਰ ਉਦਾਸੀ ਭੋਗਦਾ ਹੈ –
(1) ਉਜਾੜ (2) ਨਮਸਕਾਰ
(3) ਖੱਬਲ (4) ਧਰਤੀ ਹੇਠਲਾ ਬੌਲਦ

59. ਕਿਹੜਾ ਲੋਕਯਾਨ ਸ਼ਾਸਤਰੀ 'ਲੋਕਮਾਨਸ' ਨੂੰ ਪਰਾ ਕਲਪਣਾ, ਆਤਮਸ਼ੀਲ ਚਿੰਤਨ, ਟੂਣਾ ਚਿੰਤਨ ਅਤੇ ਅਨੁਸ਼ਠਾਨ ਚਿੰਤਨ ਦੀਆਂ ਚਾਰ ਸ਼੍ਰੇਣੀਆਂ ਵਿਚ ਵਰਗੀਕ੍ਰਿਤ ਕਰਦਾ ਹੈ –
(1) ਡਾ. ਕਰਨੈਲ ਸਿੰਘ ਥਿੰਦ
(2) ਡਾ. ਮੋਹਿੰਦਰ ਸਿੰਘ ਬੇਦੀ
(3) ਡਾ. ਸਤੇਂਦ੍ਰ
(4) ਰਾਮ ਨਾਥ ਸੁਮਨ

60. **ਸੂਚੀ-I (ਕਵੀ)** — **ਸੂਚੀ-II (ਕਾਵਿ-ਸੰਗ੍ਰਹਿ)**

| ਸੂਚੀ-I (ਕਵੀ) | ਸੂਚੀ-II (ਕਾਵਿ-ਸੰਗ੍ਰਹਿ) |
|---|---|
| (a) ਸਵਰਨਜੀਤ ਸਵੀ | (i) ਕਣੀਆਂ |
| (b) ਸੁਖਵਿੰਦਰ ਅੰਮ੍ਰਿਤ | (ii) ਅਵੱਗਿਆ |
| (c) ਦਰਸ਼ਨ ਬੁੱਟਰ | (iii) ਅਗਨਿ ਕਥਾ |
| (d) ਗੁਰਭਜਨ ਗਿੱਲ | (iv) ਖੜਾਵਾਂ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਜੋੜ ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (i) | (iii) | (iv) | (ii) |
| (2) | (ii) | (i) | (iv) | (iii) |
| (3) | (i) | (iv) | (ii) | (iii) |
| (4) | (ii) | (iv) | (i) | (iii) |

61.

| ਸੂਚੀ-I (ਵਾਰਤਕ ਕਾਰ) | ਸੂਚੀ-II (ਰਚਨਾ) |
|---|---|
| (a) ਗੁਰਬਖ਼ਸ਼ ਸਿੰਘ ਪ੍ਰੀਤਲੜੀ | (i) ਤਕੀਏ ਦਾ ਪੀਰ |
| (b) ਡਾ. ਬਲਬੀਰ ਸਿੰਘ | (ii) ਨਵਾਂ ਸ਼ਿਵਾਲਾ |
| (c) ਅਜੀਤ ਕੌਰ | (iii) ਪੱਕੀਆਂ ਇੱਟਾਂ |
| (d) ਕੁਲਬੀਰ ਸਿੰਘ ਕਾਂਗ | (iv) ਕਲਮ ਦੀ ਕਰਾਮਾਤ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਜੋੜ-ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (ii) | (iv) | (i) | (iii) |
| (2) | (iv) | (iii) | (i) | (ii) |
| (3) | (ii) | (iii) | (i) | (iv) |
| (4) | (iv) | (iii) | (ii) | (i) |

62. | ਸੂਚੀ-I (ਕਹਾਣੀ-ਸੰਗ੍ਰਹਿ) | | ਸੂਚੀ-II (ਕਹਾਣੀਕਾਰ) |
|---|---|---|---|
| (a) | ਮੁਕਤੀ ਲਈ ਭਟਕਦੇ ਮੱਨ | (i) | ਅਜਮੇਰ ਸਿੱਧੂ |
| (b) | ਖੂਹ ਗਿੜਦਾ ਹੈ | (ii) | ਬਲਜਿੰਦਰ ਨਸਰਾਲੀ |
| (c) | ਅੱਕ ਦਾ ਬੂਟਾ | (iii) | ਸ਼ਮਸ਼ੇਰ ਚਪਾਲੀ |
| (d) | ਡਾਕਖ਼ਾਨਾ ਖਾਸ | (iv) | ਗੁਰਮੀਤ ਕੜਿਆਲਵੀ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਜੋੜ ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (i) | (iv) | (ii) | (iii) |
| (2) | (iii) | (iv) | (i) | (ii) |
| (3) | (iii) | (i) | (iv) | (ii) |
| (4) | (iv) | (ii) | (i) | (iii) |

63. | ਸੂਚੀ-I (ਨਾਵਲ) | | ਸੂਚੀ-II (ਨਾਵਲਕਾਰ) |
|---|---|---|---|
| (a) | ਠਰੀ ਰਾਤ | (i) | ਦਲੀਪ ਕੌਰ ਟਿਵਾਣਾ |
| (b) | ਹਸਤਾਖ਼ਰ | (ii) | ਬਲਜੀਤ ਕੌਰ ਬੱਲੀ |
| (c) | ਰੰਗ ਦਾ ਪੱਤਾ | (iii) | ਚੰਦਨ ਨੇਗੀ |
| (d) | ਕਨਿਕ ਕਾਮਨੀ | (iv) | ਅੰਮ੍ਰਿਤਾ ਪ੍ਰੀਤਮ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਜੋੜ-ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (i) | (ii) | (iii) | (iv) |
| (2) | (ii) | (iv) | (iii) | (i) |
| (3) | (iv) | (iii) | (ii) | (i) |
| (4) | (ii) | (i) | (iv) | (iii) |

64. ਲੋਕਧਾਰਾ ਨੂੰ 'ਸਰੀਰ ਤੋਸ਼ਣੀ', 'ਮਨਸ ਤੋਸ਼ਣੀ' ਅਤੇ 'ਮਨਸ ਮੋਦਨੀ' – ਤਿੰਨ ਲੋਕ ਪ੍ਰਗਟਾ-ਵਿਧੀਆਂ ਵਿੱਚ ਵੰਡਿਆ ਹੈ –

(1) ਡਾ. ਧਨਵੰਤ ਕੌਰ
(2) ਡਾ. ਮਹਿੰਦਰ ਕੌਰ ਗਿੱਲ
(3) ਡਾ. ਸਤਿੰਦਰ ਔਲਖ
(4) ਡਾ. ਸਤਿੰਦਰ ਸਿੰਘ ਨੂਰ

65. ਕਿਹੜੇ ਪੱਛਮੀ ਵਿਦਵਾਨ ਨੇ ਰੀਤੀ-ਰਿਵਾਜ ਨੂੰ ਖ਼ਾਸ ਮੌਕਿਆ ਦਾ ਪ੍ਰਮਾਣਿਤ, ਵਿਧੀਗਤ ਵਿਵਹਾਰ ਮੰਨਿਆ ਹੈ, ਜੋ ਕਿ ਅਧਿਭੌਤਿਕ ਹਸਤੀਆਂ ਜਾਂ ਸ਼ਕਤੀਆਂ ਵਿਚ ਵਿਸ਼ਵਾਸ ਨਾਲ ਸੰਬੰਧਤ ਹੈ ਅਤੇ ਸੁਭਾਅ ਵਜੋਂ ਤਕਨੀਕੀ ਨਹੀਂ –

(1) ਜਾਹਨ ਬੀਟੀ (2) ਜੀ. ਗੂਡੀ
(3) ਟਰਨਰ (4) ਥਾਮਸਨ

66. 'ਵਲੀ ਕੰਧਾਰੀ' ਵਾਰ ਦਾ ਰਚਨਾਕਾਰ ਹੈ –

(1) ਸੋਹਣ ਸਿੰਘ ਸੀਤਲ
(2) ਪਿਆਰਾ ਸਿੰਘ ਪਦਮ
(3) ਪਿਆਰਾ ਸਿੰਘ ਸਹਿਰਾਈ
(4) ਅਮਰਜੀਤ ਗੁਰਦਾਸਪੁਰੀ

67. ਭਾਈ ਗੁਰਦਾਸ ਨੇ 'ਸਤਿਗੁਰ ਮਹਿਮਾ' ਦੇ ਨਾਲ-ਨਾਲ 'ਗੁਰਮੁਖ' ਦੇ ਸੰਕਲਪ ਨੂੰ ਆਪਣੀਆਂ ਕਿਹੜੀਆਂ ਵਾਰਾਂ ਵਿਚ ਵਾਰ-ਵਾਰ ਪਰਿਭਾਸ਼ਤ ਕਿਤਾ ਹੈ –

(1) 22 ਵੀਂ, 23 ਵੀਂ
(2) 11 ਵੀਂ, 12 ਵੀਂ
(3) 8 ਵੀਂ, 9 ਵੀਂ
(4) 15 ਵੀਂ, 16 ਵੀਂ

68. 'ਰਾਣੀ ਸਾਹਿਬ ਕੌਰ', 'ਗੱਜਣ ਸਿੰਘ ਦੀ ਵਾਰ' ਅਤੇ 'ਕਿਹਰੇ ਦੀ ਵਾਰ' ਦਾ ਰਚੈਤਾ ਵਾਰਕਾਰ ਹੈ –

(1) ਮੋਹਨ ਸਿੰਘ
(2) ਅਵਤਾਰ ਸਿੰਘ ਆਜ਼ਾਦ
(3) ਤੇਜਭਾਨ
(4) ਹਰਿੰਦਰ ਸਿੰਘ ਰੂਪ

69. ਭਾਈ ਗੁਰਦਾਸ ਦੀ ਕਿਹੜੀ ਵਾਰ ਵਿੱਚ ਲੈਲਾ-ਮਜਨੂੰ ਸੋਰਠਿ-ਬੀਜਾ, ਸੱਸੀ-ਪੁੰਨੂੰ, ਸੋਹਣੀ-ਮਹੀਵਾਲ ਤੇ ਹੀਰ-ਰਾਂਝਾ ਬਾਰੇ ਜ਼ਿਕਰ ਮਿਲਦਾ ਹੈ –

(1) 25 ਵੀਂ (2) 27 ਵੀਂ
(3) 26 ਵੀਂ (4) 29 ਵੀਂ

70. ਸੰਬਾਦ ਬੋਧਕ ਰਚਨਾਵਾਂ ਦਾ ਸਹੀ ਜੁੱਟ ਹੈ –

(1) ਬਾਵਨ ਅੱਖਰੀ, ਪੱਟੀ
(2) ਵਾਰਾਂ, ਪਉੜੀਆਂ
(3) ਓਅੰਕਾਰ, ਸਿਧਗੋਸ਼ਟ
(4) ਜਪ, ਸੁਖਮਨੀ

71. 'ਵੇਦ ਕਤੇਬ' ਵਾਕੰਸ਼ ਦਾ ਸਹੀ ਅਰਥ-ਜੁੱਟ ਹੈ –
(1) ਸਨਾਤਨੀ ਅਤੇ ਜੈਨ ਮਤ ਦੇ ਗ੍ਰੰਥ
(2) ਸਨਾਤਨੀ ਅਤੇ ਇਸਲਾਮਿਕ ਮਤ ਦੇ ਗ੍ਰੰਥ
(3) ਸਨਾਤਨੀ ਅਤੇ ਬੋਧੀ ਮਤ ਦੇ ਗ੍ਰੰਥ
(4) ਸਨਾਤਨੀ ਅਤੇ ਸਾਮੀ ਮਤ ਦੇ ਧਾਰਮਿਕ ਗ੍ਰੰਥ

72. ਲੋਕ ਕਲਾ ਦੀ ਖ਼ੂਬਸੂਰਤੀ ਬਣਤਰ ਦੀ ਬਜਾਏ ਹੁੰਦੀ ਹੈ –
(1) ਕਲਾਕਾਰਾਂ ਵਿਚ
(2) ਵਸਤੂ-ਮੂਲਕ ਕੀਮਤ ਵਿਚ
(3) ਰੂੜ੍ਹੀਆਂ ਵਿਚ
(4) ਵਿਗਿਆਨਕਤਾ ਵਿਚ

73. ਲੋਕ ਨਾਟ-ਕਲਾ ਵਿਚ ਸ਼ਾਮਲ ਹੁੰਦੇ ਹਨ –
(1) ਚਿਤਰਕਲਾ, ਨਾਚ, ਸੰਗੀਤ
(2) ਜੰਤਰ-ਮੰਤਰ, ਸੰਸਕਾਰ, ਸੰਗੀਤ
(3) ਬੁਝਾਰਤ, ਜੋਤਿਸ਼, ਨਾਚ
(4) ਲੋਕਗੀਤ, ਸੰਗੀਤ, ਨਾਚ

74. ਸਿਧ ਗੋਸਟਿ ਰਚਨਾ ਦਾ ਰਚਨ ਸਥਾਨ ਹੈ –
(1) ਅੰਮ੍ਰਿਤਸਰ (2) ਅਚਲ ਬਟਾਲਾ
(3) ਬਗਦਾਦ (4) ਪ੍ਰਯਾਗ

75. ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਦੇ ਖੇਤਰ ਵਿਚ ਕਾਰਜ ਕਰਨ ਵਾਲੇ ਟੀਕਾਕਾਰਾਂ ਦਾ ਸਹੀ ਵਰਗ ਹੈ –
(1) ਵੀਰ ਸਿੰਘ, ਸਾਹਿਬ ਸਿੰਘ, ਹਰਬੰਸ ਸਿੰਘ
(2) ਤੇਜਾ ਸਿੰਘ, ਮਹਿੰਦਰ ਕੌਰ, ਪਿਆਰਾ ਸਿੰਘ ਪਦਮ
(3) ਜੋਗਿੰਦਰ ਸਿੰਘ, ਕਾਨ੍ਹ ਸਿੰਘ, ਸਤਿਬੀਰ ਸਿੰਘ
(4) ਬਦਨ ਸਿੰਘ, ਬਲਵੀਰ ਸਿੰਘ, ਹਰਕੀਰਤ ਸਿੰਘ

76. ਪੰਜਾਬੀ ਸੂਫੀ ਕਵੀਆਂ ਵਿਚੋਂ ਕਿਸ ਦੀ ਰਚਨਾ ਵਿਚ ਦੰਦ-ਕਥਾਵਾਂ ਦੀ ਅਣਹੋਂਦ ਹੈ –
(1) ਸ਼ੇਖ਼ ਫ਼ਰੀਦ (2) ਸ਼ਾਹ ਹੁਸੈਨ
(3) ਬੁੱਲ੍ਹੇ ਸ਼ਾਹ (4) ਅਲੀ ਹੈਦਰ

77. ਸੱਸੀ-ਪੁੰਨੂੰ ਦੇ ਕਿੱਸੇ ਵਿਚ ਸੱਸੀ ਨੂੰ ਸੰਦੂਕ 'ਚ ਪਾ ਕੇ ਦਰਿਆ ਵਿਚ ਰੋੜ੍ਹਨ ਦੀ ਰੂੜ੍ਹੀ ਕਿਸ ਮਿਥਿਹਾਸਕ ਪਾਤਰ ਨਾਲ ਸੰਬੰਧਤ ਹੈ –
(1) ਹਜ਼ਰਤ ਨੂਹ (2) ਜ਼ਕਰੀਆ
(3) ਯੂਨਸ (4) ਹਜ਼ਰਤ ਮੂਸਾ

78. ਹੇਠ ਲਿਖੇ ਵਿਚੋ ਕਿਹੜਾ ਪੰਜਾਬੀ ਲੋਕ-ਸਾਜ਼ ਸਾਹ ਜਾਂ ਹਵਾ ਉਤੇ ਨਿਰਭਰ ਹੈ –
(1) ਸਾਰੰਗੀ (2) ਵੰਝਲੀ
(3) ਢੱਡ (4) ਢੋਲ

79. ਕਿਹੜਾ ਵਿਸ਼ਵ ਚਿੰਤਕ ਨਾਵਲੀ ਅਰਥ ਪ੍ਰਕਿਰਿਆ ਨੂੰ ਸੰਵਾਦੀ ਅਤੇ ਬਹੁਸੁਰੀ ਮੰਨਦਾ ਹੈ –
(1) ਦੋਸਤੋਵਸਕੀ
(2) ਸ਼ਕਲੋਵਸਕੀ
(3) ਰੋਲਾਂ ਬਾਰਤ
(4) ਮਿਖਾਇਲ ਬਾਖ਼ਤਿਨ

80. 'ਖੂਨੀ ਨੈਣ ਜਲ ਭਰੇ' ਕਿਸ ਦੀ ਰਚਨਾ ਹੈ –
(1) ਦੇਵਿੰਦਰ ਸਤਿਆਰਥੀ
(2) ਵਣਜਾਰਾ ਬੇਦੀ
(3) ਡਾ. ਮਹਿੰਦਰ ਸਿੰਘ ਰੰਧਾਵਾ
(4) ਡਾ. ਨਾਹਰ ਸਿੰਘ

81. ਬਾਰ ਦੀ ਧਰਤੀ ਦਾ ਜੱਦੀ-ਪੁਸ਼ਤੀ ਨਾਚ ਹੈ –
(1) ਘੁੰਮਰ (2) ਝੁੰਮਰ
(3) ਭੰਗੜਾ (4) ਮਲਵਈ ਗਿੱਧਾ

82. ਮੇਰੀ ਕਿਰਤ ਨੂੰ ਲੁੱਟਣ ਵਾਲਿਓ,
ਕਿਉਂ ਪੀਵੋਂ ਰੱਤ ਬਹਾਰਾਂ ਦੀ ।
ਧਰਤੀ ਹੈ ਮਜ਼ਦੂਰਾਂ ਦੀ,
ਇਹ ਨਹੀਂ ਸਰਮਾਏਦਾਰਾਂ ਦੀ ।
ਉਪਰੋਕਤ ਕਾਵਿ-ਸਤਰਾਂ ਕਿਹੜੇ ਜੁਝਾਰਵਾਦੀ ਕਵੀ ਦੀਆਂ ਹਨ –
(1) ਅਵਤਾਰ ਪਾਸ਼
(2) ਲਾਲ ਸਿੰਘ ਦਿਲ
(3) ਅਮਰਜੀਤ ਚੰਦਨ
(4) ਸੰਤ ਰਾਮ ਉਦਾਸੀ

83. ਨਾਵਲਕਾਰ ਕਰਮਜੀਤ ਕੁੱਸਾ ਦਾ ਪੰਜਾਬ ਦੀ ਛੋਟੀ ਕਿਸਾਨੀ ਦੇ ਸੰਕਟ ਨੂੰ ਰੂਪਮਾਨ ਕਰਦਾ ਨਾਵਲ ਹੈ –
(1) ਕੋਠੇ ਖੜਕ ਸਿੰਘ
(2) ਕਣਕਾਂ ਦਾ ਕਤਲਾਮ
(3) ਅੱਗ ਦਾ ਗੀਤ
(4) ਰੋਹੀ ਬੀਆਬਾਨ

84. ਗੁਰੂ ਅਰਜਨ ਸਾਹਿਬ ਦੀਆਂ ਰਚਨਾਵਾਂ ਦਾ ਸਹੀ ਜੁੱਟ ਹੈ –
(1) ਕੁਚਜੀ, ਸੁਚਜੀ, ਗੁਣਵੰਤੀ, ਪਹਰੇ
(2) ਗੁਣਵੰਤੀ, ਦਿਨ-ਰੈਣਿ, ਅੰਜੁਲੀਆਂ, ਰੁਤੀ
(3) ਬਿਰਹੜੇ, ਬਸੰਤ ਕੀ ਵਾਰ, ਵਣਜਾਰਾ
(4) ਪਟੀ, ਵਣਜਾਰਾ, ਗੁਣਵੰਤੀ, ਪਹਰੇ

85. ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ 'ਜੁਮਲਾ' ਦਾ ਅਰਥ ਹੈ –
(1) ਰਾਗ ਸਿਰਲੇਖ
(2) ਰਚਨਾਂ ਵਿਸ਼ੇਸ਼ ਨਾਂ
(3) ਮਾਤਰਿਕ ਪੂਰਤੀ ਸ਼ਬਦ
(4) ਸ਼ਬਦਾਂ ਦਾ ਜੋੜ

86. ਸਥਾਪਤ ਪ੍ਰਤੀਮਾਨਾਂ ਤੋਂ ਵਿਪਥਨ ਕਾਰਨ ਕਿਸ ਕਵੀ ਦੀ ਸ਼ੈਲੀ ਪਰੰਪਰਿਤਕ ਪ੍ਰਗਤੀਵਾਦੀ ਕਵੀਆਂ ਨਾਲੋਂ ਭਿੰਨ ਹੈ –
(1) ਬਾਵਾ ਬਲਵੰਤ
(2) ਡਾ. ਜਗਤਾਰ
(3) ਹਰਭਜਨ ਹਲਵਾਰਵੀ
(4) ਅਵਤਾਰ ਪਾਸ਼

87. ਬ੍ਰਹਿਮੰਡ ਦੇ ਵਿਸ਼ਾਲ ਪਸਾਰੇ ਅਤੇ ਸਮਾਜਕ ਤਾਣੇ-ਬਾਣੇ ਵਿਚ ਮਨੁੱਖ ਦੀ ਤੁੱਛਤਾ ਦਾ ਤੀਬਰ ਅਹਿਸਾਸ ਕਿਸ ਚਕਿਤਸਕ, ਮਨੋਵਿਗਿਆਨੀ ਦੇ ਕਾਵਿ ਦਾ ਹਿੱਸਾ ਹੈ –
(1) ਡਾ. ਹਰਿਭਜਨ ਸਿੰਘ
(2) ਡਾ. ਜਗਤਾਰ
(3) ਡਾ. ਜਸਵੰਤ ਸਿੰਘ ਨੇਕੀ
(4) ਬਾਵਾ ਬਲਵੰਤ

88. ਕਿੱਸਾ 'ਮਿਰਜ਼ਾ ਸਾਹਿਬਾਂ' ਦੀ ਅਕਾਦਮਿਕ ਸੰਪਾਦਨਾ ਦਾ ਸਿਹਰਾ ਕਿਸ ਵਿਦਵਾਨ ਨੂੰ ਜਾਂਦਾ ਹੈ –
(1) ਡਾ. ਸੁਰਿੰਦਰ ਸਿੰਘ ਕੋਹਲੀ
(2) ਡਾ. ਜੀਤ ਸਿੰਘ ਸੀਤਲ
(3) ਡਾ. ਹਰਨਾਮ ਸਿੰਘ ਸ਼ਾਨ
(4) ਡਾ. ਵਿਸ਼ਵਨਾਥ ਤਿਵਾੜੀ

89. ਕਿਹੜਾ ਵਿਦਵਾਨ ਕਿੱਸਾਕਾਰ ਦਮੋਦਰ ਨੂੰ 'ਪਟਵਾਰੀ' ਦੱਸਦਾ ਹੈ –
(1) ਮੈਕਾਲਿਫ਼ (2) ਰਿਚਰਤ ਟੈਂਪਲ
(3) ਪ੍ਰਿੰ. ਤੇਜਾ ਸਿੰਘ (4) ਬਾਵਾ ਬੁੱਧ ਸਿੰਘ

90. ਕਿਹੜੇ ਕਿੱਸਾਕਾਰ ਨੇ ਰਾਂਝੇ ਦੇ ਘਰੋਂ ਨਿਕਲਣ ਦਾ ਕਾਰਨ ਭੁੱਖ, ਗਰੀਬੀ, ਕਾਲ ਪੈਣਾ ਦੱਸਿਆ ਹੈ –
(1) ਮੁਕਬਲ (2) ਵਾਰਸ ਸ਼ਾਹ
(3) ਦਮੋਦਰ (4) ਅਹਿਮਦ

91. ਸਭ ਤੋਂ ਵੱਡ-ਅਕਾਰੀ ਪੰਜਾਬੀ ਕਿੱਸਾ ਹੈ –
(1) ਹੀਰ-ਰਾਂਝਾ
(2) ਸੱਸੀ ਪੁੰਨੂੰ
(3) ਸ਼ੀਰੀਂ ਫਰਹਾਦ
(4) ਸੈਫ਼ਲਮਲੂਕ

92. ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ, ਪੰਜਾਬੀ ਦੇ ਸਭ ਤੋਂ ਪਹਿਲੇ ਗ਼ਜ਼ਲਗੋ ਸ਼ਾਇਰ ਹਨ –
(1) ਮੌਲਾ ਬਖ਼ਸ਼ ਕੁਸ਼ਤਾ
(2) ਮੀਆਂ ਅਮਾਮ ਬਖ਼ਸ਼
(3) ਮੀਆਂ ਮੁਹੰਮਦ ਬਖ਼ਸ਼
(4) ਅਹਿਮਦਯਾਰ

93. ਆਰਤੋ ਦੇ 'ਥੀਏਟਰ ਆਫ਼ ਕਰੂਅਲਟੀ' ਨਾਲ ਸੰਬੰਧਤ ਪੰਜਾਬੀ ਨਾਟ-ਰਚਨਾ ਹੈ –
(1) ਕਲ੍ਹ ਅੱਜ ਤੇ ਭਲਕ
(2) ਗਗਨ ਮੈਂ ਥਾਲੁ
(3) ਬਾਬਾ ਬੰਤੂ
(4) ਦੇਵਤਿਆਂ ਦਾ ਥੀਏਟਰ

94.

| | ਸੂਚੀ-I (ਰਚਨਾ) | | ਸੂਚੀ-II (ਸਾਲ) |
|---|---|---|---|
| (a) | ਕੱਚ ਦੇ ਵਸਤਰ | (i) | 1979 |
| (b) | ਕਰੁਣਾ ਦੀ ਛੋਹ ਤੋਂ ਮਗਰੋਂ | (ii) | 1977 |
| (c) | ਕਹਿਕਸ਼ਾਂ | (iii) | 1989 |
| (d) | ਸ਼ਬਦਾਂਤ | (iv) | 2001 |

ਭਾਰਤੀ ਸਾਹਿਤ ਅਕਾਦਮੀ ਦੁਆਰਾ ਪੁਰਸਕ੍ਰਿਤ ਰਚਨਾਵਾਂ ਤੇ ਸਾਲ ਸੰਬੰਧੀ ਸੂਚੀ-I ਅਤੇ ਸੂਚੀ-II ਦਾ ਸਹੀ ਜੋੜ-ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (ii) | (iii) | (iv) | (i) |
| (2) | (iii) | (iv) | (ii) | (i) |
| (3) | (ii) | (i) | (iv) | (iii) |
| (4) | (ii) | (i) | (iii) | (iv) |

95. ਸੂਚੀ-I (ਰਚਨਾ) ਸੂਚੀ-II (ਰਚਨਾਕਾਰ)

(a) ਪੱਬੀ (i) ਗੁਰਮੁਖ ਸਿੰਘ ਮੁਸਾਫ਼ਰ

(b) ਉਰਵਾਰ ਪਾਰ (ii) ਪ੍ਰਭਜੋਤ ਕੌਰ

(c) ਅਮਰ ਕਥਾ (iii) ਮਨਜੀਤ ਟਿਵਾਣਾ

(d) ਉਨੀਂਦਾ ਵਰਤਮਾਨ (iv) ਗੁਲਜ਼ਾਰ ਸਿੰਘ ਸੰਧੂ

ਉਪਰੋਕਤ ਭਾਰਤੀ ਸਾਹਿਤ ਅਖਾਦਮੀ ਦੁਆਰਾ ਪੁਰਸਕ੍ਰਿਤ ਰਚਨਾ ਅਤੇ ਰਚਨਾਕਾਰ (ਸੂਚੀ-I ਅਤੇ ਸੂਚੀ-II) ਦਾ ਸਹੀ ਜੋੜ-ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (iv) | (iii) | (ii) | (i) |
| (2) | (ii) | (i) | (iv) | (iii) |
| (3) | (i) | (ii) | (iii) | (iv) |
| (4) | (ii) | (iv) | (i) | (iii) |

96. ਆਦਿ ਗ੍ਰੰਥ ਵਿਚ ਸੰਕਲਿਤ ਫ਼ਰੀਦ-ਬਾਣੀ ਨੂੰ 'ਸ਼ੇਖ਼ ਫ਼ਰੀਦ' ਦੀਕ੍ਰਿਤ ਮੰਨਣ ਵਾਲੇ ਵਿਦਵਾਨਾਂ ਦਾ ਸਹੀ ਵਰਗ ਹੈ –

(1) ਮੋਹਨ ਸਿੰਘ ਦੀਵਾਨਾ, ਤੇਜਾ ਸਿੰਘ, ਬਨਾਰਸੀ ਦਾਸ ਜੈਨ

(2) ਪ੍ਰੀਤਮ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾਂ

(3) ਲਾਜਵੰਤੀ ਰਾਮਾ ਕ੍ਰਿਸ਼ਨ, ਹਜਾਰੀ ਪ੍ਰਸ਼ਾਦ ਦਿਵੇਦੀ, ਮੈਕਾਲਿਫ਼

(4) ਬਾਵਾ ਬੁਧ ਸਿੰਘ, ਬਨਾਰਸੀ ਦਾਸ ਜੈਨ, ਤੇਜਾ ਸਿੰਘ

97. ਗੁਰਬਾਣੀ ਵਿਚ 'ਕਸੁੰਭਾ' ਤੇ 'ਮਜੀਠ' ਸ਼ਬਦਾਂ ਨੂੰ ਕਿਹੜੇ ਅਰਥ-ਸੰਦਰਭ ਵਿਚ ਵਰਤਿਆ ਹੈ –

(1) ਕਸੁੰਭਾ ਤੇ ਮਜੀਠ ਨੂੰ ਮਾਇਆ ਲਈ

(2) ਕਸੁੰਭਾ ਤੇ ਮਜੀਠ ਨੂੰ ਪ੍ਰਭੂ-ਪ੍ਰੇਮ ਲਈ

(3) ਕਸੁੰਭੇ ਨੂੰ ਪ੍ਰਭੂ-ਪ੍ਰੇਮ ਤੇ ਮਜੀਠ ਨੂੰ ਮਾਇਆ ਲਈ

(4) ਕਸੁੰਭੇ ਨੂੰ ਮਾਇਆ ਤੇ ਮਜੀਠ ਨੂੰ ਪ੍ਰਭੂ-ਪ੍ਰੇਮ ਲਈ

98. 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ' ਕਿਸਾਨ ਲਹਿਰ ਨਾਲ ਸੰਬੰਧਤ ਮਸ਼ਹੂਰ ਗੀਤ ਦਾ ਰਚਨਾਕਾਰ ਹੈ –

(1) ਸ. ਅਜੀਤ ਸਿੰਘ

(2) ਧਨੀਰਾਮ ਚਾਤ੍ਰਿਕ

(3) ਬਾਂਕੇ ਦਿਆਲ

(4) ਹਰਨਾਮ ਸਿੰਘ ਟੁੰਡੀਲਾਟ

99. ਸੂਚੀ-I (ਸਵੈ-ਜੀਵਨੀ) ਸੂਚੀ-II (ਲੇਖਕ)

(a) ਰੰਗਾਂ ਦੀ ਗਾਗਰ (i) ਖ਼ੁਸ਼ਵੰਤ ਸਿੰਘ

(b) ਨਿਆਣਮੱਤੀ ਆਂ (ii) ਸਰਦਾਰਾ ਸਿੰਘ ਜੌਹਲ

(c) ਬੂੰਦ-ਬੂੰਦ ਭੁਲਦੀ ਜ਼ਿੰਦਗੀ (iii) ਗੁਰਦਿਆਲ ਸਿੰਘ

(d) ਮੌਜ ਮੇਲਾ (iv) ਪ੍ਰਗਟ ਸਿੰਘ ਸਿੱਧੂ

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਜੋੜ-ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (ii) | (iii) | (iv) | (i) |
| (2) | (ii) | (iii) | (i) | (iv) |
| (3) | (i) | (iii) | (iv) | (ii) |
| (4) | (iv) | (iii) | (i) | (ii) |

100. ਕਿਹੜੀ ਪੁਸਤਕ 'ਕਾਵਿ ਕਹਾਣੀਆਂ' ਦੀ ਰਚਨਾ-ਵਿਧਾ ਦੇ ਪੱਖ ਤੋਂ ਇਕ ਨਵਾਂ ਪ੍ਰਯੋਗ ਹੈ –

(1) ਆਕਟੋਪਸ (2) ਡਿਓਢੀ

(3) ਅਪਰੈਣੀ (4) ਅਧਵਾਟੇ

101. "ਉਹ ਸਿੱਖ ਕਾਲ ਦਾ ਇਕੋ ਇਕ ਕਵੀ ਹੈ ਜੋ ਘੂਰਨ ਵੇਲੇ ਘੂਰਦਾ ਤੇ ਥਾਪੜਨ ਵੇਲੇ ਥਾਪੜਦਾ ਹੈ – ਜੋ ਗੁਣਾਂ ਨੂੰ ਹੱਲਾਸ਼ੇਰੀ ਦਿੰਦਾ ਤੇ ਔਗੁਣਾਂ ਨੂੰ ਚੰਗੀ ਤਰ੍ਹਾਂ ਨੰਗਾ ਕਰਦਾ ਹੈ।"

ਸ਼ਾਹ ਮੁਹੰਮਦ ਬਾਰੇ ਇਹ ਸਤਰਾਂ ਕਿਸ ਵਿਦਵਾਨ ਦੀਆਂ ਹਨ –

(1) ਪਿਆਰਾ ਸਿੰਘ ਪਦਮ

(2) ਪ੍ਰੋ. ਪ੍ਰੀਤਮ ਸਿੰਘ

(3) ਪ੍ਰਿੰ. ਤੇਜਾ ਸਿੰਘ

(4) ਡਾ. ਰਤਨ ਸਿੰਘ ਜੱਗੀ

102. ਕਿਹੜਾ ਪੰਜਾਬੀ ਕਵੀ ਪ੍ਰਯੋਗਸ਼ੀਲ ਲਹਿਰ ਦੇ ਸਮਵਿੱਥ ਹੀ ਪ੍ਰਗਤੀਵਾਦੀ ਤੇ ਜੁਝਾਰ-ਕਾਵਿ ਦੀ ਰਚਨਾ ਕਰਦਾ ਰਿਹਾ ਹੈ ਅਤੇ ਪੰਜਾਬ ਸੰਕਟ ਸਮੇਂ ਵੀ ਉਹ ਚੁੱਪ ਨਹੀਂ ਹੋਇਆ ਸਗੋਂ 'ਰੂਹ ਪੰਜਾਬ ਦੀ' ਵਰਗਾ ਕਾਵਿ ਨਾਟਕ ਲਿਖਦਾ ਹੈ –

(1) ਰਵਿੰਦਰ ਰਵੀ

(2) ਅਜਾ ਇਬ ਕਮਲ

(3) ਸੁਖਪਾਲ ਵੀਰ ਸਿੰਘ ਹਸਰਤ

(4) ਜਸਬੀਰ ਸਿੰਘ ਆਹਲੂਵਾਲੀਆ

103. ਅੰਮ੍ਰਿਤਾ-ਪ੍ਰੀਤਮ ਦੇ ਸਵੈ-ਜੀਵਨੀ ਮੂਲਕ ਅੰਸ਼ਾਂ ਨਾਲ ਸੰਬੰਧਤ ਸਹੀ ਜੁੱਟ ਹੈ –
(1) ਕਿਰਮਚੀ ਲਕੀਰਾਂ, ਕਾਲਾ ਗੁਲਾਬ
(2) ਆਲ੍ਹਣਾ, ਪਿੰਜਰ
(3) ਸੁਨੇਹੜੇ, ਸਰਘੀ ਵੇਲਾ
(4) ਜਿਉਂਦਾਂ ਜੀਵਨ, ਨਾਗਮਣੀ

104. ਬਾਬਾ ਬੁੱਧ ਸਿੰਘ ਨੇ ਸਾਹਿਤ ਦੀ ਇਤਿਹਾਸਕਾਰੀ ਨਾਲ ਸੰਬੰਧਤ ਆਪਣੀ ਕਿਹੜੀ ਪੁਸਤਕ ਵਿਚ 'ਗੁਰਬਾਣੀ' ਅਤੇ 'ਸੂਫੀਕਾਵਿ' ਨੂੰ ਸ਼ਾਮਲ ਨਾ ਕਰਕੇ 'ਕਿੱਸਾ ਕਾਵਿ' ਅਤੇ 'ਵਾਕ ਲੇਖਕਾਂ' ਦਾ ਇਤਿਹਾਸ ਦਿੱਤਾ ਹੈ –
(1) ਕੋਇਲ ਕੂ
(2) ਬੰਬੀਹਾ ਬੋਲ
(3) ਹੰਸ ਚੋਗ
(4) ਪੰਜਾਬੀ ਸ਼ਾਇਰਾਂ ਦਾ ਤਜ਼ਕਰਾ

105. ਨਿਕਲੇ ਬੰਨ੍ਹ ਕੇ ਵਹੀਰਾਂ ਲੋਕੀਂ ਭੱਖ ਨੇ ਸਤਾਏ ।
'ਰੋਟੀ ਕੱਢੋ ਗੱਦੀ ਛੱਡੋ' ਨਾਹਰੇ ਉਨ੍ਹਾਂ ਨੇ ਲਾਏ ।
ਤਿਲੰਗਾਨਾ ਦੇ ਕਿਸਾਨ ਘੋਲ ਤੇ ਪੈਪਸੂ ਦੇ ਕਿਸਾਨ ਅੰਦੋਲਨ ਤੋਂ ਪ੍ਰਭਾਵਿਤ ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ –
(1) ਮੋਹਨ ਸਿੰਘ
(2) ਅਵਤਾਰ ਪਾਸ਼
(3) ਬਾਵਾ ਬਲਵੰਤ
(4) ਡਾ. ਜਗਤਾਰ

106. ਕਿਸ ਸਾਖੀ ਬਾਰੇ ਮਾਨਤਾ ਹੈ ਕਿ ਉਹ ਗੁਰੂ ਅੰਗਦ ਦੇਵ ਜੀ ਦੀ ਮੌਜੂਦਗੀ ਵਿਚ ਰਚੀ ਗਈ –
(1) ਗਿਆਨ ਰਤਨਾਵਲੀ
(2) ਭਾਈ ਬਾਲੇ ਵਾਲੀ
(3) ਭਾਈ ਮਨੀ ਸਿੰਘ
(4) ਜਨਮ ਸਾਖੀ ਗੁਰੂਨਾਨਕ ਦੇਵ

107. 'ਸਿੱਖਾਂ ਦੀ ਭਗਤ ਮਾਲਾ' (ਸੰਮਤ 1861) ਵਿਚ ਕੁੱਲ ਕਿੰਨੀਆਂ ਸਾਖੀਆਂ ਹਨ –
(1) 163 (2) 150
(3) 115 (4) 95

108. ਸੇਵਾ ਦਾਸ ਦੀਆਂ ਪਰਚੀਆਂ ਦਾ ਦੂਜਾ ਨਾਂ 'ਪਰਚੀਆਂ ਪਾਤਸ਼ਾਹੀ ਦਸਵੀ ਕੀ' ਹੈ । ਜਿਸ ਵਿਚ ਕੁੱਲ 50 ਸਾਖੀਆਂ ਹਨ । ਗੁਰੂ ਗੋਬਿੰਦ ਸਿੰਘ ਬਾਬਤ ਪਰਚੀਆਂ ਦੀ ਗਿਣਤੀ ਹੈ –
(1) ਪੈਂਤੀ (2) ਅਠੱਤੀ
(3) ਛੱਬੀ (4) ਪੰਜਾਹ

109. ਲੈਨਿਨ ਨੂੰ ਨਾਇਕ ਬਣਾ ਕੇ ਲਿਖਿਆ ਗਿਆ ਪੰਜਾਬੀ ਨਾਟਕ ਹੈ –
(1) ਮਿੱਤਰ ਪਿਆਰਾ
(2) ਸ਼ੋਭਾ ਸ਼ਕਤੀ
(3) ਇਤਿਹਾਸ ਜਵਾਬ ਮੰਗਦਾ ਹੈ
(4) ਇੱਕ ਹੀਰੋ ਦੀ ਤਲਾਸ਼

110. ਸਿੱਖ ਇਤਿਹਾਸ ਨਾਲ ਸੰਬੰਧਤ ਸਭ ਤੋਂ ਵਧੇਰੇ ਨਾਵਲ ਲਿਖਣ ਵਾਲਾ ਨਾਵਲਕਾਰ ਹੈ –
(1) ਸੋਹਨ ਸਿੰਘ ਸੀਤਲ
(2) ਹਰਨਾਮ ਦਾਸ ਸਹਿਰਾਈ
(3) ਸੁਰਜੀਤ ਸਿੰਘ ਸੇਠੀ
(4) ਮੋਹਨ ਕਾਹਲੋਂ

111. 'ਮੜ੍ਹੀ ਦਾ ਦੀਵਾ' ਨਾਵਲ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਤਿਹਾਸਕ ਅਹਿਮੀਅਤ ਰੱਖਦਾ ਹੈ । ਇਸ ਨਾਵਲ ਦਾ ਛਪਣ ਵਰ੍ਹਾ ਹੈ –
(1) 1962 (2) 1960
(3) 1964 (4) 1966

112. ਪੰਜਾਬ ਸੰਕਟ ਦੀ ਰਾਜਨੀਤਕ ਵਿਆਖਿਆ ਕਰਦਾ ਨਾਟਕ ਹੈ –
(1) ਲੋਹਾ ਕੁੱਟ
(2) ਮੂਕ ਸੰਸਾਰ
(3) ਉਦਾਸ ਲੋਕ
(4) ਬਾਬਾ ਬੋਲਦਾ ਹੈ

113. ਪੰਜਾਬ ਦੀ ਡੇਰਾ-ਸੰਸਕ੍ਰਿਤੀ ਦੇ ਯਥਾਰਥ ਨੂੰ ਵਿਅੰਗ ਅਤੇ ਬੇਬਾਕੀ ਨਾਲ ਪੇਸ਼ ਕਰਨ ਵਾਲਾ ਕਹਾਣੀਕਾਰ ਹੈ –
(1) ਬਲਵਿੰਦਰ ਸਿੰਘ ਗਰੇਵਾਲ
(2) ਜਸਬੀਰ ਰਾਣਾ
(3) ਮਨਿੰਦਰ ਸਿੰਘ ਕਾਂਗ
(4) ਸੁਖਜੀਤ

114. ਚਾਵਲ ਆਪਣੇ ਮੰਗ ਕੇ ਮੁਕਬਲੇ ਤੇ,
ਲੂਣ ਅਹਿਮਦੇ ਦਾ ਵਿਚ ਪਾਵਸਾਂ ਮੈਂ ।
ਘਿਓ ਹਟ ਗੁਰਦਾਸ ਦਾ ਵਿਚ ਪਾਸਾਂ,
ਖਿਚੜੀ ਜੋੜ ਕੇ ਦੇਸ ਰਿਝਾਵਸਾਂ ਮੈਂ ।
ਉਪਰੋਕਤ ਕਾਵਿ ਸਤਰਾਂ ਦੇ ਕਵੀ ਹਨ –
(1) ਹਾਸ਼ਮ ਸ਼ਾਹ
(2) ਹਾਮਦ
(3) ਪ੍ਰੋ. ਮੋਹਨ ਸਿੰਘ
(4) ਸ਼ਾਹ ਮੁਹੰਮਦ

115. ਅੰਗਰੇਜ਼ੀ ਸ਼ਬਦ 'ਮੋਟਿਫ਼' ਦਾ ਪੰਜਾਬੀ ਪਰਿਆਇ ਮੰਨਿਆ ਗਿਆ ਹੈ –
(1) ਰੂੜ੍ਹੀ
(2) ਪਰੰਪਰਾ
(3) ਲੋਕ ਮਨ
(4) ਛੰਤ

116. 'ਮੋਹਨ ਕਿੰਜ ਬਣਦਾ ਤੂੰ ਸ਼ਾਇਰ,
ਜੇਕਰ ਮੈਂ ਨਾ ਮਰਦੀ ।'
ਉਪਰੋਕਤ ਕਾਵਿ-ਪੰਗਤੀ ਅਨੁਸਾਰ ਪ੍ਰੋ.ਮੋਹਨ ਸਿੰਘ ਆਪਣੀ ਪਹਿਲੀ ਪਤਨੀ ਦੇ ਵਿਛੋੜੇ ਵਿਚ ਸ਼ਾਇਰ ਬਣਿਆ । ਇਸ ਕਵਿਤਾ ਦਾ ਸਿਰਲੇਖ ਵੀ ਉਹੋ ਹੀ ਹੈ । ਕਵਿਤਾ ਦਾ ਨਾਂ ਹੈ –
(1) ਮੰਗਤੀ
(2) ਲਾਜਵੰਤੀ
(3) ਬਸੰਤ
(4) ਕੁੜੀ ਪੋਠੋਹਾਰ ਦੀ

117. ਇਸਲਾਮਕ ਪੁਰਾਣ ਕਥਾਵਾਂ ਅਨੁਸਾਰ 'ਖ਼ਵਾਜ਼ਾ ਖ਼ਿਜ਼ਰ' ਕਿਸ ਦਾ ਦੇਵਤਾ ਹੈ –
(1) ਬਨਸਪਤੀ
(2) ਅੱਗ
(3) ਪਾਣੀ
(4) ਹਵਾ

118. ਵਾਰਸ ਸ਼ਾਹ ਜੰਡਿਆਲੇ ਵਾਲੇ,
ਵਾਹ ਵਾਹ ਹੀਰ ਬਣਾਈ ।
ਮੈਂ ਵੀ ਰੀਸ ਉਸੇ ਦੀ ਕਰਕੇ,
ਲਿਖੀ ਤੋੜ ਨਿਭਾਈ ।
ਇਹਨਾਂ ਕਾਵਿ ਸਤਰਾਂ ਦੇ ਕਵੀ ਹਨ –
(1) ਮੁਕਬਲ
(2) ਅਹਿਮਦਯਾਰ
(3) ਮੌਲਾ ਬਖ਼ਸ਼ ਕੁਸ਼ਤਾ
(4) ਕਾਦਰ ਬਖ਼ਸ਼

119. 'ਮਹਿਖਾਸੁਰ ਦੈਂਤ' ਦੀ ਸ਼ਕਲ ਕਿਸ ਵਰਗੀ ਉਲੀਕੀ ਹੈ –
(1) ਸ਼ੇਰ
(2) ਝੋਟਾ
(3) ਬਘਿਆੜ
(4) ਬਲਦ

120. 'ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ ।' – ਪਰਿਭਾਸ਼ਕ ਸ਼ਬਦ ਦੇਣ ਵਾਲੇ ਹਨ –
(1) ਡਾ. ਜੀਤ ਸਿੰਘ ਜੋਸ਼ੀ
(2) ਡਾ. ਮਹਿੰਦਰ ਸਿੰਘ ਰੰਧਾਵਾ
(3) ਗੁਰਬਖ਼ਸ਼ ਸਿੰਘ ਫਰੈਂਕ
(4) ਡਾ. ਜਸਵਿੰਦਰ ਸਿੰਘ

121. ਹੇਠ ਲਿਖਿਆਂ 'ਚ ਵਾਰਤਕ ਰਚਨਾ ਹੈ –
(1) ਸਪਤ ਸ੍ਰਿੰਗ
(2) ਲਾਸ਼ਾਂ
(3) ਮੈਂ ਜੋ ਬੀਤ ਗਿਆ
(4) ਰੁੱਖ ਤੇ ਰਿਸ਼ੀ

122. 'ਸਭਿਆਚਾਰ : ਮਨੁੱਖੀ ਸ਼ਖਸ਼ੀਅਤ ਦਾ ਸਿਰਜਕ' – ਧਾਰਨਾ ਪੇਸ਼ ਕਰਨ ਵਾਲਾ ਵਿਦਵਾਨ ਹੈ –
(1) ਡਾ. ਕਰਨੈਲ ਸਿੰਘ ਥਿੰਦ
(2) ਡਾ. ਜੀਤ ਸਿੰਘ ਜੋਸ਼ੀ
(3) ਡਾ. ਜਸ਼ਵਿੰਦਰ ਸਿੰਘ
(4) ਗੁਰਬਖ਼ਸ਼ ਸਿੰਘ ਫ਼ਰੈਂਕ

123. ਇਕੋ ਸਾਹਿਤ ਰੂਪਾਕਾਰ ਨਾਲ ਸੰਬੰਧਤ ਸਹੀ ਜੁੱਟ ਹੈ –
(1) ਕਰਾਮਾਤ, ਕਲ੍ਹ ਅੱਜ ਤੇ ਭਲਕ
(2) ਬੂਹੇ, ਬੇੜੀ ਤੇ ਬਰੇਤਾ
(3) ਸੈਂਕਣ, ਮੋਇਆਂ ਸਾਰ ਨ ਕਾਈ
(4) ਨਵੀਂ ਦੁਨੀਆਂ, ਓਪਰਾ ਮਰਦ

124. ਲੋਕਗੀਤ ਨੂੰ 'ਨਿਮਨ ਸਾਹਿਤ' ਕਹਿੰਦੇ ਹਨ –
(1) ਅਤਰ ਸਿੰਘ
(2) ਸੰਤ ਸਿੰਘ ਸੇਖੋਂ
(3) ਕਿਸ਼ਨ ਸਿੰਘ
(4) ਕਿਰਪਾਲ ਕਜ਼ਾਕ

125. ਪੰਜਾਬੀ ਵਿਚ ਬਾਲ ਸਾਹਿਤ ਬਾਰੇ ਸ਼ਲਾਘਾਯੋਗ ਕਾਰਜ ਕਰਨ ਵਾਲਾ ਹੈ –
(1) ਪ੍ਰਿੰ. ਸਰਵਣ ਸਿੰਘ
(2) ਡਾ. ਦਰਸ਼ਨ ਸਿੰਘ ਆਸ਼ਟ
(3) ਡਾ. ਰਾਜਿੰਦਰ ਲਹਿਰੀ
(4) ਡਾ.ਐੱਸ. ਤਰਸੇਮ

126. ਕਥਾਨਕ ਰੂੜ੍ਹੀਆਂ ਦਾ ਵਰਗੀਕਰਨ ਪਾਤਰ, ਘਟਨਾ, ਵਸਤੂ ਅਤੇ ਵਿਸ਼ਵਾਸ ਦੇ ਪੱਖ ਤੋਂ ਕਰਨ ਵਾਲੇ ਵਿਦਵਾਨ ਹਨ –
(1) ਡਾ. ਕਰਨੈਲ ਸਿੰਘ ਥਿੰਦ
(2) ਵਣਜਾਰਾ ਬੇਦੀ
(3) ਡਾ. ਜੋਗਿੰਦਰ ਸਿੰਘ ਕੈਰੋਂ
(4) ਗੁਰਬਖ਼ਸ਼ ਸਿੰਘ ਫ਼ਰੈਂਕ

127. ਸੂਫ਼ੀ ਵਿਚਾਰਾਂ ਦੀ ਪ੍ਰਸਿੱਧ ਪੁਸਤਕ 'ਕਸ਼ਫ਼-ਅਲ-ਮਹਜੂਬ' ਦੇ ਕਰਤਾ ਹਨ –
(1) ਰਾਬੀਆ
(2) ਇਮਾਮ ਗ਼ਜ਼ਾਲੀ
(3) ਫਰੀਦੁੱਦੀਨ ਸ਼ਕਰ ਗੰਜ
(4) ਸ਼ੇਖ਼ ਅਲੀ ਮਖ਼ਦੂਮ ਹੁਜ਼ਵੀਰੀ

128. 'ਅਭਿਆਚਾਰ ਮਨੁੱਖ ਦਾ ਸਮਾਜਕ ਵਿਰਸਾ ਹੈ, ਜੀਵ-ਵਿਗਿਆਨਕ ਵਿਰਸਾ ਨਹੀਂ ।' ਇਹ ਲੱਛਣ ਦੱਸਣ ਵਾਲੇ ਵਿਦਵਾਨ ਹਨ –
(1) ਡਾ. ਜਸਵਿੰਦਰ ਸਿੰਘ
(2) ਡਾ. ਕਰਮਜੀਤ ਸਿੰਘ
(3) ਡਾ. ਕਰਨਜੀਤ ਸਿੰਘ
(4) ਗੁਰਬਖ਼ਸ਼ ਸਿੰਘ ਫ਼ਰੈਂਕ

129. ਕਾਵਿ-ਸ਼ੈਲੀ 'ਚ ਉਲੀਕੇ ਰੇਖਾ ਚਿੱਤਰ ਹਨ –
(1) ਤੁਰਦੇ ਫਿਰਦੇ ਮਸਖ਼ਰੇ
(2) ਰੂਹਾਂ ਦੇ ਰੂਬਰੂ
(3) ਸੁਰਮੇ ਵਾਲੀ ਅੱਖ
(4) ਮੂਰਤਾਂ

130. 'ਬਾਤ, ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹੈ ।' ਕਥਨ ਦੇ ਸਿਰਜਕ ਹਨ –
(1) ਡਾ. ਜਸਵਿੰਦਰ ਸਿੰਘ
(2) ਦੇਵਿੰਦਰ ਸਤਿਆਰਥੀ
(3) ਡਾ. ਵਣਜਾਰਾ ਬੇਦੀ
(4) ਡਾ. ਕਰਨੈਲ ਸਿੰਘ ਥਿੰਦ

131. ਗੀਤ ਨਾਟਕ (ਓਪੇਰਾ) ਪੇਸ਼ਕਾਰੀ ਨਾਲ ਸੰਬੰਧਤ ਹੈ –
(1) ਬਲਵੰਤ ਗਾਰਗੀ
(2) ਸ਼ੀਲਾ ਭਾਟੀਆ
(3) ਬਲਰਾਜ ਸਾਹਨੀ
(4) ਡਾ. ਹਰਚਰਨ ਸਿੰਘ

132. 'ਖ਼ਰਾਸ' ਦਾ ਸੰਬੰਧ ਹੈ –
(1) ਤੇਲ ਕੱਢਣ ਨਾਲ
(2) ਪਾਣੀ ਕੱਢਣ ਨਾਲ
(3) ਦਾਣੇ ਕੱਢਣ ਨਾਲ
(4) ਆਟਾ ਪੀਹਣ ਨਾਲ

133. 'ਸਿਖ਼ਰ ਦੁਪਹਿਰਾ' ਸਾਹਿਤ ਵੰਨਗੀ ਹੈ –
(1) ਕਹਾਣੀ ਸੰਗ੍ਰਹਿ (2) ਨਾਵਲ
(3) ਨਾਟਕ (4) ਸਵੈ-ਜੀਵਨੀ

134. ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਪੁਸਤਕ 'ਪੰਜਾਬ' ਦੇ ਮੁੱਖ ਸੰਪਾਦਕ ਹਨ –
(1) ਡਾ. ਸੁਰਿੰਦਰ ਸਿੰਘ ਕੋਹਲੀ
(2) ਡਾ. ਮਹਿੰਦਰ ਸਿੰਘ ਰੰਧਾਵਾ
(3) ਪਿਆਰਾ ਸਿੰਘ ਪਦਮ
(4) ਡਾ. ਹਰਨਾਮ ਸਿੰਘ ਸ਼ਾਨ

135. 'ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ' ਦੇ ਨਾਵਲਕਾਰ ਹਨ –
(1) ਬਲਦੇਵ ਸਿੰਘ ਸੜਕਨਾਮਾ
(2) ਜਸਵੰਤ ਕੰਵਲ
(3) ਮਨਮੋਹਨ ਬਾਵਾ
(4) ਸਵਰਾਜਬੀਰ

136. 'ਭੱਠੀ' ਵਿਚ ਬਾਲਣ ਡਾਹੁਣ ਲਈ ਵਰਤਿਆ ਜਾਂਦਾ ਹੈ –
(1) ਖੁਲਣੀ (2) ਝਾਰਨੀ
(3) ਲਾਂਗਾ (4) ਖਰਗਾ

137. 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖ ਕੇ ਡੀ.ਲਿੱਟ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਖੋਜੀ ਵਿਦਵਾਨ ਹਨ –
(1) ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ
(2) ਡਾ. ਸੁਰਿੰਦਰ ਸਿੰਘ ਕੋਹਲੀ
(3) ਡਾ. ਮੋਹਣ ਸਿੰਘ
(4) ਡਾ. ਜੀਤ ਸਿੰਘ ਸੀਤਲ

138. 'ਡਾਕ ਗੱਡੀ ਦੇ ਵਿਚ ਆਇਆ, ਸੁਰਮਾ ਤਿੰਨ ਰੱਤੀਆਂ ।' - 'ਰੱਤੀ' ਦਾ ਸੰਬੰਧ ਹੈ –
(1) ਗਿਣਨ ਨਾਲ (2) ਮਿਣਨ ਨਾਲ
(3) ਤੋਲਣ ਨਾਲ (4) ਪਰਖਣ ਨਾਲ

**139.** 'ਕੋਈ ਨਾਉਂ ਨ ਜਾਣੈ ਮੇਰਾ' ਕਾਵਿ ਸਵੈ-ਜੀਵਨੀ ਦੇ ਕਰਤਾ ਹਨ –

(1) ਜਸਵੰਤ ਸਿੰਘ ਨੇਕੀ
(2) ਪ੍ਰੀਤਮ ਸਿੰਘ ਸਫ਼ੀਰ
(3) ਹਰਿੰਦਰ ਸਿੰਘ ਰੂਪ
(4) ਹਰਿੰਦਰ ਸਿੰਘ ਮਹਿਬੂਬ

**140.** ਮੁਰਦੇ ਨੂੰ ਜਿਸ ਥਾਂ ਇਸ਼ਨਾਨ ਕਰਵਾਇਆ ਜਾਂਦਾ ਹੈ, ਪਾਣੀ ਲਈ ਇਕ ਟੋਆ ਪੁੱਟ ਲਿਆ ਜਾਂਦਾ ਹੈ, ਇਸ਼ਨਾਨ ਦਾ ਪਾਣੀ ਉਸ ਵਿਚ ਪੈਂਦਾ ਹੈ, ਉਸ ਥਾਂ ਨੂੰ ਕਹਿੰਦੇ ਹਨ –

(1) ਪਿੱਛ (2) ਲਾਦ
(3) ਮਹੋਛਾ (4) ਅਧਵਾਸਾ

**141.** 'ਪੰਜਾਬ ਦਾ ਲੋਕ ਵਿਰਸਾ' ਪੁਸਤਕ ਦੇ ਲੇਖਕ ਹਨ –

(1) ਡਾ. ਕਰਨੈਲ ਸਿੰਘ ਥਿੰਦ
(2) ਡਾ. ਕਰਨਜੀਤ ਸਿੰਘ
(3) ਡਾ. ਗੁਰਮੀਤ ਸਿੰਘ
(4) ਡਾ. ਕਰਮਜੀਤ ਸਿੰਘ

**142.**

| | ਸੂਚੀ-I (ਲੇਖਕ) | | ਸੂਚੀ-II (ਰਚਨਾ) |
|---|---|---|---|
| (a) | ਡਾ. ਵਨੀਤਾ | (i) | ਦੋ ਸਾਹਾਂ ਵਿਚਕਾਰ |
| (b) | ਜਸਵੰਤ ਜਫ਼ਰ | (ii) | ਮੰਦਰ ਸਪਤਕ |
| (c) | ਬਲਵੰਤ ਗਾਰਗੀ | (iii) | ਸਾਵੀਆਂ ਚਿੜੀਆਂ |
| (d) | ਅਜੀਤ ਕੌਰ | (iv) | ਅਭਿਸਾਰਿਕਾ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮੇਲ ਕਰੋ –

| | (a) | (b) | (c) | (d) |
|---|---|---|---|---|
| (1) | (iv) | (i) | (ii) | (iii) |
| (2) | (ii) | (iv) | (i) | (iii) |
| (3) | (iv) | (iii) | (i) | (ii) |
| (4) | (ii) | (i) | (iv) | (iii) |

**143.** 'ਬਾਜੀਗਰ' ਕਬੀਲੇ ਵਿਚ ਬੋਲੀ ਜਾਂਦੀ ਭਾਸ਼ਾ ਹੈ –

(1) ਗੌਰ (2) ਬੈਜੀ
(3) ਮਾਂਡ (4) ਉੜਦੂ

**144.** 'ਹੱਕ' ਨਾਟਕ ਦੇ ਨਾਟਕਕਾਰ ਹਨ –

(1) ਸਵਰਾਜਬੀਰ
(2) ਆਤਮਜੀਤ
(3) ਸੁਰਜੀਤ ਸਿੰਘ ਸੇਠੀ
(4) ਅਜਮੇਰ ਔਲਖ

**145.** ਉਹ ਲੋਕ ਕਾਵਿ-ਰੂਪ, ਜਿਸ ਦਾ ਸੰਬੰਧ ਲੋਕ ਸੰਗੀਤ ਨਾਲ ਵਧੇਰੇ ਹੈ ਅਤੇ ਜਿਸਦੀ ਵਰਤੋਂ ਆਦਿ-ਗ੍ਰੰਥ ਵਿੱਚ ਵੀ ਕੀਤੀ ਗਈ ਹੈ –

(1) ਟੱਪਾ (2) ਸਦ
(3) ਬਾਤ (4) ਕਿੱਕਲੀ

**146.** ਨਜਾਬਤ ਰਚਿਤ 'ਨਾਦਰਸ਼ਾਹ ਦੀ ਵਾਰ' ਨੂੰ ਪੰਜਾਬ ਦੇ ਮਰਾਸੀਆਂ ਤੇ ਭੱਟਾਂ ਪਾਸੋਂ ਸੁਣ ਕੇ ਪਹਿਲੀ ਵਾਰ ਪੇਸ਼ ਕਰਨ ਵਾਲੇ ਲੇਖਕ ਹਨ –

(1) ਬੇਦੀ ਗੰਗਾ ਸਿੰਘ
(2) ਸ਼ਰਧਾ ਰਾਮ ਫ਼ਲੌਰੀ
(3) ਪੰਡਤ ਹਰੀ ਕ੍ਰਿਸ਼ਨ ਕੌਲ
(4) ਲਾਲਾ ਕਿਰਪਾ ਸਾਗਰ

**147.** ਲੋਕਧਾਰਾ ਅਧਿਐਨ ਨਾਲ ਸੰਬੰਧਤ ਸਹੀ ਜੁੱਟ ਹੈ –

(1) ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਗੁਰਮੀਤ ਸਿੰਘ
(2) ਡਾ. ਵਣਜਾਰਾ ਬੇਦੀ, ਡਾ. ਸੁਖਦੇਵ ਸਿੰਘ ਸਿਰਸਾ
(3) ਡਾ. ਮਹਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਵਿਰਕ
(4) ਡਾ. ਕਰਨੈਲ ਸਿੰਘ ਥਿੰਦ, ਡਾ, ਗੁਲਵੰਤ ਸਿੰਘ

**148.** ਲੋਕ-ਕਾਵਿ ਨਾਲ ਸੰਬੰਧਤ ਪੁਸਤਕ ਹੈ –

(1) ਸ਼ਾਇਰੀ (2) ਸਾਰੰਗੀ
(3) ਨੈਂ ਝਨਾਂ (4) ਨੀਲ ਕੰਠ

**149.** 'ਸਭਿਆਚਾਰ ਪੱਤ੍ਰਿਕਾ' ਦਾ ਪ੍ਰਕਾਸ਼ਨ ਅਦਾਰਾ ਹੈ –

(1) ਪੰਜਾਬੀ ਅਕਾਦਮੀ ਦਿੱਲੀ
(2) ਪੰਜਾਬੀ ਸਾਹਿਤ ਅਕਾਡੇਮੀ ਲੁਧਿਆਣਾ
(3) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
(4) ਪੰਜਾਬੀ ਯੂਨੀਵਰਸਿਟੀ ਪਟਿਆਲਾ

**150.** ਬੋਰੀਆ ਕਬੀਲੇ ਦੀ 'ਗੁਪਤ ਭਾਸ਼ਾ' ਦਾ ਨਾਂ ਹੈ –

(1) ਗੁਲੜ (2) ਹਾਤ
(3) ਪਸਤੋਂ (4) ਮਾਂਡ

रफ कार्य के लिए स्थान / SPACE FOR ROUGH WORK

22